HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 3.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8



## 'ਸੰਕਲਪ' ਪੂਰਾ ਹੋਣ 'ਤੇ ਬਿਹਾਰ ਦੇ ਉਪ ਮੁੱਖ ਮੰਤਰੀ ਨੇ ਅਯੁੱਧਿਆ 'ਚ ਪੱਗ ਲਾਹ ਮੁੰਨਵਾਇਆ ਸਿਰ

ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੇ 'ਸੰਕਲਪ' ਪੂਰਾ ਹੋਣ 'ਤੇ ਬੁੱਧਵਾਰ ਸਵੇਰੇ ਅਯੁੱਧਿਆ 'ਚ ਸਿਰ ਮੁੰਨਣ ਤੋਂ ਬਾਅਦ ਆਪਣੀ ਪੱਗ ਲਾਹ ਕੇ ਸਰਯੂ ਨਦੀ 'ਚ ਇਸ਼ਨਾਨ ਕੀਤਾ। ਚੌਧਰੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ (ਐੱਨਡੀਏ) ਨੂੰ ਛੱਡ ਕੇ ਵਿਰੋਧੀ ਧਿਰ ਦੇ ਭਾਰਤੀ ਰਾਸ਼ਟਰੀ ਵਿਕਾਸ ਸੰਮਲਿਤ ਗਠਜੋੜ (ਇੰਡੀਆ) ਵਿੱਚ ਸ਼ਾਮਲ ਹੋਣ ਤੋਂ ਬਾਅਦ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ ਅਤੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੀ ਪੱਗ ਨਹੀਂ ਉਤਾਰਨਗੇ।ਚੌਧਰੀ ਦਾ ਮੰਨਣਾ ਹੈ ਕਿ ਨਿਤੀਸ਼ ਦੇ 'ਭਾਰਤ' ਛੱਡ ਕੇ ਐੱਨਡੀਏ 'ਚ ਵਾਪਸ ਆਉਣ ਨਾਲ ਉਨ੍ਹਾਂ ਦਾ ਸੰਕਲਪ ਪੂਰਾ ਹੋ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਧਰੀ ਨੇ ਕਿਹਾ, 'ਸਾਡੀ ਵਚਨਬੱਧਤਾ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਸੀ। ਮੇਰਾ ਇਹ ਸੰਕਲਪ 28 ਜਨਵਰੀ ਨੂੰ ਪੂਰਾ ਹੋਇਆ ਸੀ, ਕਿਉਂਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਿਰੋਧੀ ਪਾਰਟੀਆਂ ਭਾਰਤ ਦੇ ਸਮੂਹ ਤੋਂ ਵੱਖ ਹੋ ਕੇ ਸਾਡੇ (ਐਨ.ਡੀ.ਏ.) ਵਿੱਚ ਸ਼ਾਮਲ ਹੋ ਗਏ ਸਨ। ਸਾਡੇ ਮੁੱਖ ਮੰਤਰੀ ਬਣ ਗਏ ਸਨ, ਇਸ ਲਈ ਮੈਂ ਬਿਹਾਰ ਦੇ ਕੁਝ ਮੰਤਰੀਆਂ ਅਤੇ ਪਾਰਟੀ ਦੇ ਅਹੁਦੇਦਾਰਾਂ ਦੀ ਵੀ ਪੱਗ ਉਤਾਰ ਦਿੱਤੀ ਸੀ।' ਚੌਧਰੀ ਦੇ ਨਾਲ ਅਯੁੱਧਿਆ ਦੌਰੇ 'ਤੇ ਬਿਹਾਰ ਦੇ ਕੁਝ ਮੰਤਰੀ ਅਤੇ ਪਾਰਟੀ ਅਧਿਕਾਰੀ ਵੀ ਸਨ। ਸਰਯੂ ਨਦੀ 'ਚ ਇਸ਼ਨਾਨ ਕਰਨ ਤੋਂ ਬਾਅਦ ਚੌਧਰੀ ਨੇ ਹਨੂੰਮਾਨਗੜ੍ਹੀ ਮੰਦਰ ਅਤੇ ਰਾਮ ਜਨਮ ਭੂਮੀ ਮੰਦਰ 'ਚ ਪੂਜਾ ਅਰਚਨਾ ਕੀਤੀ।




## ਜਨਤਾ ਦਲ (ਯੂ) ਨੇ ਕੀਤੀ ਬਿਹਾਰ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਦੀ ਮੰਗ

ਜਨਤਾ ਦਲ (ਯੂਨਾਈਟਿਡ) ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਤੋਂ ਬਿਹਾਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਦੀ ਮੰਗ ਕੀਤੀ। ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਚਰਚਾ ਵਿਚ ਹਿੱਸਾ ਲੈਂਦੇ ਹੋਏ ਜਨਤਾ ਦਲ (ਯੂ) ਦੇ ਮੈਂਬਰ ਲਵਲੀ ਆਨੰਦ ਨੇ ਸਰਕਾਰ ਤੋਂ ਅਪੀਲ ਕੀਤੀ ਕਿ ਉਹ ਬਿਹਾਰ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਨੂੰ ਲੈ ਕੇ ਉਨ੍ਹਾਂ ਦੀ ਪਾਰਟੀ ਦੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਮੰਗ ’ਤੇ ਵਿਚਾਰ ਕਰਨ।ਆਨੰਦ ਨੇ ਬਿਹਾਰ ਨੂੰ ਸ਼ਿਵਹਰ ਰੇਲ ਲਿੰਕ ਨਾਲ ਜੋੜਨ ਦੀ ਮੰਗ ਕਰਦਿਆਂ ਕਿਹਾ ਕਿ ਅਯੁੱਧਿਆ ਤੋਂ ਸੀਤਾਮੜ੍ਹੀ (ਬਿਹਾਰ) ਅਤੇ ਜਨਕਪੁਰ (ਨੇਪਾਲ) ਤੱਕ ਰੇਲ ਕੋਰੀਡੋਰ ਬਣਾਇਆ ਜਾਣਾ ਚਾਹੀਦਾ ਤਾਂ ਜੋ ਸ਼ਰਧਾਲੂਆਂ ਲਈ ਭਗਵਾਨ ਰਾਮ ਅਤੇ ਮਾਤਾ ਜਾਨਕੀ ਸੀਤਾ ਨਾਲ ਸਬੰਧਤ ਸਥਾਨਾਂ ਤੱਕ ਪਹੁੰਚਣਾ ਆਸਾਨ ਹੋ ਸਕੇ। ਉਨ੍ਹਾਂ ਨੇ ਐਮਰਜੈਂਸੀ ਦੇ ਮੁੱਦੇ 'ਤੇ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ 25 ਜੂਨ 1975 ਨੂੰ ਹਿਟਲਰ ਦੀ ਤਾਨਾਸ਼ਾਹੀ ਦੀ ਤਰਜ਼ 'ਤੇ ਐਮਰਜੈਂਸੀ ਲਗਾਈ ਗਈ ਸੀ ਅਤੇ ਕਈ ਨੇਤਾਵਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਜਿਸ ਪਾਰਟੀ ਨੇ ਸੰਵਿਧਾਨ ਨੂੰ ਕੁਚਲਿਆ ਉਹ ਕਹਿ ਰਹੀ ਹੈ ਕਿ ਆਜ਼ਾਦੀ ਅਤੇ ਸੰਵਿਧਾਨ ਖ਼ਤਰੇ ਵਿਚ ਹੈ।

## ਦਿੱਲੀ 'ਚ ਫਾਈਵ ਸਟਾਰ ਹੋਟਲ ਦੀ ਛੱਤ ਡਿੱਗੀ



ਦੱਖਣੀ-ਪੱਛਮੀ ਦਿੱਲੀ 'ਚ ਇਕ ਫਾਈਵ ਸਟਾਰ ਹੋਟਲ ਦੀ ਛੱਤ ਦਾ ਇਕ ਹਿੱਸਾ ਡਿੱਗਣ ਦੀ ਸੂਚਨਾ ਮਿਲੀ ਹੈ। ਇਸ ਹਾਦਸੇ ਵਿਚ ਇਕ ਪਤੀ-ਪਤਨੀ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਮੰਗਲਵਾਰ ਨੂੰ ਦਿੱਤੀ ਹੈ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਨੇ ਦੱਸਿਆ ਕਿ ਇਹ ਘਟਨਾ ਆਰ. ਕੇ. ਪੁਰਮ ਇਲਾਕੇ ਦੀ ਹੈ। ਪਤੀ- ਪਤਨੀ ਹੋਟਲ ਦੀ ਹੇਠਲੀ ਮੰਜ਼ਿਲ 'ਤੇ ਸਥਿਤ 'ਪੂਲ' ਕੋਲ ਖੜ੍ਹੇ ਸੀ ਕਿ ਛੱਤ ਦਾ ਇਕ ਹਿੱਸਾ ਉਨ੍ਹਾਂ 'ਤੇ ਡਿੱਗ ਗਿਆ।ਇਸ ਘਟਨਾ ਕਾਰਨ ਉਨ੍ਹਾਂ ਦੇ ਸਿਰ 'ਤੇ ਮਾਮੂਲੀ ਸੱਟਾਂ ਲੱਗੀਆਂ। ਦੂਜੇ ਪਾਸੇ ਇਸ ਸਬੰਧ ਵਿਚ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਜ਼ਖ਼ਮੀਆਂ ਨੇ ਖੁਦ ਹੀ ਪੁਲਸ ਨੂੰ ਫੋਨ ਕਰ ਕੇ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਨੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ ਤੇ ਜੋੜੇ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੁਆਈ। ਪਤੀ-ਪਤਨੀ ਨੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਪਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬਮ-ਬਮ ਭੋਲੇ ਦੇ ਜੈਕਾਰੇ ਲਾਉਂਦੇ 6,537 ਸ਼ਰਧਾਲੂਆਂ ਦਾ 5ਵਾਂ ਜੱਥਾ ਰਵਾਨਾ



ਜੰਮੂ ਤੋਂ ਅਮਰਨਾਥ ਗੁਫਾ ਵਿਚ ਬਿਰਾਜਮਾਨ ਬਾਬਾ ਬਰਫਾਨੀ ਦੇ ਦਰਸ਼ਨਾਂ ਲਈ 6,537 ਸ਼ਰਧਾਲੂਆਂ ਦਾ 5ਵਾਂ ਜੱਥਾ ਭਗਵਤੀ ਨਗਰ ਯਾਤਰੀ ਨਿਵਾਸ ਬੇਸ ਕੈਂਪ ਤੋਂ ਬਮ-ਬਮ ਭੋਲੇ ਦੇ ਜੈਕਾਰੇ ਲਗਾਉਂਦੇ ਹੋਏ ਰਵਾਨਾ ਹੋਇਆ। ਸ਼ਰਧਾਲੂ ਸਵੇਰੇ 261 ਵਾਹਨਾਂ ਦੇ ਕਾਫਲੇ ’ਚ ਬੇਸ ਕੈਂਪ ਤੋਂ ਦੱਖਣੀ ਕਸ਼ਮੀਰ ਦੇ ਬਾਲਟਾਲ ਅਤੇ ਪਹਿਲਗਾਮ ਬੇਸ ਕੈਂਪ ਲਈ ਰਵਾਨਾ ਹੋਏ।


ਜੰਮੂ ਤੋਂ ਬਾਲਟਾਲ ਭੇਜੇ ਗਏ ਜਥੇ ’ਚ 1568 ਮਰਦ, 422 ਔਰਤਾਂ, 14 ਬੱਚੇ, 91 ਸਾਧੂ ਅਤੇ 11 ਸਾਧਵੀਆਂ ਸ਼ਾਮਲ ਸਨ, ਜਿਨ੍ਹਾਂ ਨੂੰ 105 ਛੋਟੇ-ਵੱਡੇ ਵਾਹਨਾਂ ਵਿਚ ਰਵਾਨਾ ਕੀਤਾ ਗਿਆ। ਇਸੇ ਤਰ੍ਹਾਂ ਪਹਿਲਗਾਮ ਬੇਸ ਕੈਂਪ ਲਈ ਭੇਜੇ ਗਏ ਯਾਤਰੀਆਂ ਵਿਚ 3523 ਮਰਦ, 680 ਔਰਤਾਂ, 5 ਬੱਚੇ, 210 ਸਾਧੂ ਅਤੇ 13 ਸਾਧਵੀਆਂ ਸ਼ਾਮਲ ਸਨ, ਜਿਨ੍ਹਾਂ 156 ਹਲਕੇ ਅਤੇ ਭਾਰੀ ਵਾਹਨਾਂ ਰਾਹੀਂ ਸਵੇਰੇ 3.50 ਵਜੇ ਜੰਮੂ ਤੋਂ ਰਵਾਨਾ ਕੀਤਾ ਗਿਆ। ਯਾਤਰੀ ਵਾਹਨਾਂ ਦੇ ਕਾਫਲੇ ਦੇ ਅਗਲੇ ਅਤੇ ਪਿਛਲੇ ਦੋਵੇਂ ਪਾਸੇ ਸੀ. ਆਰ. ਪੀ. ਐੱਫ. ਦੀਆਂ 33ਵੀਂ ਬਟਾਲੀਅਨ ਦੀਆਂ ਗੱਡੀਆਂ ਸੁਰੱਖਿਆ ਐਸਕਾਰਟ ਕਰਦੀਆਂ ਹੋਈਆਂ ਚਲ ਰਹੀਆਂ ਸਨ। ਇਹ ਸਾਰੇ ਸ਼ਰਧਾਲੂ ਸ਼ਾਮ ਤੱਕ ਆਪਣੇ-ਆਪਣੇ ਬੇਸ ਕੈਂਪ ਵਿਚ ਪਹੁੰਚ ਗਏ ਜਿਥੋਂ ਉਹ ਬੁੱਧਵਾਰ ਨੂੰ ਸਖਤ ਸੁਰੱਖਿਆ ਹੇਠ ਪਵਿੱਤਰ ਗੁਫਾ ਵੱਲ ਰਵਾਨਾ ਹੋ ਗਏ। ਯਾਤਰਾ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਪੁਲਸ, ਕੇਂਦਰੀ ਰਿਜ਼ਰਵ ਪੁਲਸ ਬਲ, ਇੰਡੋ-ਤਿੱਬਤੀਅਨ ਬਾਰਡਰ ਪੁਲਸ ਅਤੇ ਹੋਰ ਅਰਧ ਸੈਨਿਕ ਬਲਾਂ ਦੇ ਹਜ਼ਾਰਾਂ ਸੁਰੱਖਿਆ ਕਰਮਚਾਰੀ ਰਸਤੇ ’ਤੇ ਤਾਇਨਾਤ ਕੀਤੇ ਗਏ ਹਨ। ਹਵਾਈ ਨਿਗਰਾਨੀ ਵੀ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰਨਾਥ ਯਾਤਰਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 51,981 ਸ਼ਰਧਾਲੂ ਕੁਦਰਤੀ ਤੌਰ ’ਤੇ ਬਣੇ ਬਰਫ਼ ਵਾਲੇ ਸ਼ਿਵਲਿੰਗ ਦੇ ਦਰਸ਼ਨ ਕਰ ਚੁੱਕੇ ਹਨ ਅਤੇ 52 ਦਿਨਾਂ ਦੀ ਅਮਰਨਾਥ ਯਾਤਰਾ ਇਸ ਸਾਲ 19 ਅਗਸਤ ਨੂੰ ਸ਼ਰਾਵਣ ਪੂਰਨਿਮਾ ਦੇ ਸ਼ੁੱਭ ਮੌਕੇ ’ਤੇ ਸੰਪੰਨ ਹੋਵੇਗੀ।




## ਮਨੀਪੁਰ 'ਚ NRC ਨੂੰ ਲਾਗੂ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ

ਮਨੀਪੁਰ ਦੀ ਰਾਜਪਾਲ ਅਨੁਸੂਈਆ ਉਈਕੇ ਨੇ ਮੰਗਲਵਾਰ ਨੂੰ ਕਿਹਾ ਕਿ ਰਾਜ ਵਿੱਚ ਰਾਸ਼ਟਰੀ ਨਾਗਰਿਕ ਰਜਿਸਟਰ (ਐਨਆਰਸੀ) ਨੂੰ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ। ਰਾਜ ਭਵਨ ਵੱਲੋਂ ਜਾਰੀ ਬਿਆਨ ਮੁਤਾਬਕ ਉਈਕੇ ਨੇ ਮਨੀਪੁਰ ਇੰਟੈਗਰਿਟੀ (COCOMI) ਅਤੇ ਸੰਯੁਕਤ ਨਾਗਾ ਕੌਂਸਲ (UNC) ਦੀ ਤਾਲਮੇਲ ਕਮੇਟੀ ਦੇ ਵਫ਼ਦ ਨੂੰ ਦੱਸਿਆ ਕਿ ਇਸ ਮਾਮਲੇ 'ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲਬਾਤ ਕੀਤੀ ਗਈ ਹੈ। ਬਿਆਨ ਦੇ ਅਨੁਸਾਰ, "ਰਾਜਪਾਲ ਨੇ ਪ੍ਰਤੀਨਿਧਾਂ ਨੂੰ ਭਰੋਸਾ ਦਿਵਾਇਆ ਕਿ ਰਾਜ ਵਿੱਚ NRC ਨੂੰ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ।" ਬਿਆਨ ਮੁਤਾਬਕ ਰਾਜਪਾਲ ਨੇ ਵਫ਼ਦ ਨੂੰ ਇਹ ਵੀ ਭਰੋਸਾ ਦਿੱਤਾ ਕਿ ਮਣੀਪੁਰ ਦੇ ਲੋਕਾਂ ਦੇ ਹਿੱਤ ਵਿੱਚ ਸਾਰੇ ਜ਼ਰੂਰੀ ਕਦਮ ਚੁੱਕੇ ਜਾਣਗੇ।

## ਮੁੰਬਈ ਦੇ ਕਾਲਜ ’ਚ ਟੀ-ਸ਼ਰਟ ਤੇ ਫਟੀ ਜੀਨਸ ਪਹਿਨਣ ’ਤੇ ਰੋਕ



ਹਿਜਾਬ ’ਤੇ ਪਾਬੰਦੀ ਲਾਉਣ ਲਈ ਚਰਚਾ ’ਚ ਰਹੇ ਮੁੰਬਈ ਦੇ ਇਕ ਕਾਲਜ ਨੇ ਹੁਣ ਵਿਦਿਆਰਥੀਆਂ ਦੇ ਫਟੀ ਜੀਨਸ, ਟੀ-ਸ਼ਰਟ, ‘ਮਰਿਯਾਦਾਹੀਣ’ ਕੱਪੜੇ ਅਤੇ ਜਰਸੀ ਜਾਂ ਅਜਿਹੇ ਕੱਪੜੇ ਪਹਿਨਣ ’ਤੇ ਪਾਬੰਦੀ ਲਾ ਦਿੱਤੀ ਹੈ ਜੋ ਧਰਮ ਜਾਂ ‘ਸੱਭਿਆਚਾਰ ਅਸਮਾਨਤਾ’ ਨੂੰ ਦਰਸਾਉਂਦੇ ਹੋਣ।

‘ਚੈਂਬੂਰ ਟਰਾਂਬੇ ਐਜੂਕੇਸ਼ਨ ਸੋਸਾਇਟੀ’ ਨੇ ‘ਐੱਨ. ਜੀ. ਆਚਾਰਿਆ ਅਤੇ ਡੀ. ਕੇ. ਮਰਾਠੇ ਕਾਲਜ’ ਨੇ 27 ਜੂਨ ਨੂੰ ਜਾਰੀ ਨੋਟਿਸ ਵਿਚ ਕਿਹਾ ਕਿ ਵਿਦਿਆਰਥੀਆਂ ਨੂੰ ਕੈਂਪਸ ਵਿਚ ਰਸਮੀ ਅਤੇ ਵਧੀਆ ਪਹਿਰਾਵਾ ਪਹਿਨਣਾ ਚਾਹੀਦਾ ਹੈ। ਨੋਟਿਸ ’ਚ ਕਿਹਾ ਗਿਆ ਹੈ ਕਿ ਵਿਦਿਆਰਥੀ ਹਾਫ ਜਾਂ ਫੁੱਲ ਸਲੀਵ ਸ਼ਰਟ ਅਤੇ ਪੈਂਟ ਪਾ ਸਕਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਲੜਕੀਆਂ ਕੋਈ ਵੀ ਭਾਰਤੀ ਜਾਂ ਪੱਛਮੀ ਪਹਿਰਾਵਾ ਪਹਿਨ ਸਕਦੀਆਂ ਹਨ।

ਨੋਟਿਸ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਨੂੰ ਕੋਈ ਵੀ ਅਜਿਹਾ ਪਹਿਰਾਵਾ ਨਹੀਂ ਪਾਉਣਾ ਚਾਹੀਦਾ ਜੋ ਧਾਰਮਿਕ ਜਾਂ ਸੱਭਿਆਚਾਰਕ ਅਸਮਾਨਤਾ ਨੂੰ ਦਰਸਾਉਂਦਾ ਹੋਵੇ। ਨਕਾਬ, ਹਿਜਾਬ, ਬੁਰਕਾ, ਸਟੋਲ, ਟੋਪੀ ਆਦਿ ਨੂੰ ਗਰਾਊਂਡ ਫਰੋਲ ’ਚ ਬਣੇ ‘ਕਾਮਨ ਰੂਮ’ ਵਿਚ ਜਾ ਕੇ ਉਤਾਰਨਾ ਹੋਵੇਗਾ ਅਤੇ ਉਸਦੇ ਬਾਅਦ ਹੀ (ਵਿਦਿਆਰਥੀ) ਪੂਰੇ ਕਾਲਜ ਕੈਂਪਸ ’ਚ ਘੁੰਮ ਸਕਣਗੇ।

## ਇਕ ਹਜ਼ਾਰ ਰੁਪਏ ਦੀ ਉਡੀਕ 'ਚ ਬੈਠੀਆਂ ਔਰਤਾਂ ਲਈ ਖ਼ੁਸ਼ਖ਼ਬਰੀ



ਪੰਜਾਬ ਦੀਆਂ ਔਰਤਾਂ ਲਈ ਖ਼ੁਸ਼ਖਬਰੀ ਹੈ। ਦਰਅਸਲ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਮਿਲਣ ਵਾਲੀ ਦੀ ਗੱਲ 'ਤੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੇਣ ਦੀ ਤਿਆਰੀ ਕਰ ਲਈ ਹੈ, ਜੋਕਿ ਇਸ ਸਾਲ 2024 ਦੇ ਅੰਤ ਤੋਂ ਪਹਿਲਾਂ ਔਰਤਾਂ ਦੇ ਖ਼ਾਤਿਆਂ ਵਿੱਚ ਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਗਾਰੰਟੀ ਵਿਚ ਮੁਫ਼ਤ ਬਿਜਲੀ ਸੀ, ਜੋ ਪਹਿਲਾਂ ਹੀ ਪੂਰੀ ਕੀਤੀ ਜਾ ਚੁੱਕੀ ਹੈ। ਦੱਸ ਦਈਏ ਕਿ ਡਾਕਟਰ ਗੁਰਪ੍ਰੀਤ ਕੌਰ ਨੇ ਜਲੰਧਰ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਵੀ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਦੇ ਦਰਵਾਜ਼ੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਹਨ। ਜਲੰਧਰ ਦੀਆਂ ਜ਼ਿਮਨੀ ਚੋਣਾਂ ਦੌਰਾਨ ਲੋਕਾਂ ਨੇ ਉਸ ਦੇ ਪਰਿਵਾਰ ਨੂੰ ਜੋ ਪਿਆਰ ਦਿੱਤਾ, ਉਸ ਨੂੰ ਉਹ ਭੁੱਲ ਨਹੀਂ ਸਕਦਾ। ਇਸ ਲਈ ਸਾਡੇ ਦਰਵਾਜ਼ੇ ਖ਼ਾਸ ਕਰਕੇ ਜਲੰਧਰ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ ਅਤੇ ਉਹ ਉਨ੍ਹਾਂ ਦੀ ਸੇਵਾ ਕਰਕੇ ਖ਼ੁਸ਼ੀ ਮਿਲੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਦੀ ਸੇਵਾ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਆਮ ਲੋਕਾਂ ਦੇ ਬਿਜਲੀ ਦੇ ਬਿੱਲ ਹੀ ਮੁਆਫ਼ ਕੀਤੇ ਗਏ ਹਨ ਸਗੋਂ ਲੋਕਾਂ ਨਾਲ ਕੀਤੇ ਹੋਰ ਵਾਅਦੇ ਵੀ ਪੂਰੇ ਕੀਤੇ ਗਏ ਹਨ। ਡਾ. ਗੁਰਪ੍ਰੀਤ ਕੌਰ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਅਤੇ ਅਧਿਕਾਰੀਆਂ ਨੂੰ ਵੀ ਬੁਲਾ ਕੇ ਕੁਝ ਮਸਲਿਆਂ ਦੇ ਹੱਲ ਲਈ ਦਿਸ਼ਾ-ਨਿਰਦੇਸ਼ ਦਿੱਤੇ।

## ਜਲੰਧਰ ਚ ਕਾਂਗਰਸ ਨੂੰ ਵੱਡਾ ਝਟਕਾ! CM ਮਾਨ ਨੇ 3 ਉੱਘੇ ਆਗੂਆਂ ਨੂੰ ਆਪ ਚ ਕੀਤਾ ਸ਼ਾਮਲ



ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀਆਂ ਜ਼ਿਮਨੀ ਚੋਣਾਂ ਤੋਂ ਠੀਕ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ। CM ਮਾਨ ਨੇ ਕਾਂਗਰਸ ਪਾਰਟੀ ਦੇ 2 ਮੌਜੂਦਾ ਕੌਂਸਲਰਾਂ ਤੇ ਇਕ ਸੀਨੀਅਰ ਲੀਡਰ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਲਿਆ ਹੈ। ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਕਾਂਗਰਸੀ ਕੌਂਸਲਰ ਤਰਸੇਮ ਲਖੋਤਰਾ ਤੇ ਅਨਮੋਲ ਗਰੋਵਰ ਅਤੇ ਸੀਨੀਅਰ ਕਾਂਗਰਸੀ ਆਗੂ ਕਮਲ ਲੋਚ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ।ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਪਾਰਟੀ ਵਿਚ ਰਸਮੀ ਤੌਰ ’ਤੇ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਪੰਜਾਬ ਹਿਤੈਸ਼ੀ ਸਾਰੇ ਲੋਕਾਂ ਦਾ ਸਵਾਗਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਭਾਜਪਾ ਅਤੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਹੈ ਤੇ ਉਨ੍ਹਾਂ ਦੇ ਆਗੂ ਲਗਾਤਾਰ ‘ਆਪ’ ਵਿਚ ਸ਼ਾਮਲ ਹੋ ਰਹੇ ਹਨ।


## ਥਾਰ ਕਾਰ ਨਾਲ ਟੱਕਰ ਮਗਰੋਂ ਸਰਹਿੰਦ ਨਹਿਰ ‘ਚ ਡਿੱਗਿਆ ਆਟੋ, ਚਾਲਕ ਸਣੇ 5 ਲੋਕ ਰੁੜ੍ਹੇ



ਰੋਪੜ ਨਗਰ ਕੌਂਸਲ ਦਫਤਰ ਦੇ ਨਜ਼ਦੀਕ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ ਇੱਕ ਥਾਰ ਕਾਰ ਅਤੇ ਆਟੋ ਦੀ ਜ਼ਬਰਦਸਤ ਟੱਕਰ ਹੋਈ। ਥਾਰ ਕਾਰ ਦੀ ਲਪੇਟ ਵਿਚ ਆਉਣ ਤੋਂ ਬਾਅਦ ਛੋਟਾ ਹਾਥੀ ਸਵਾਰੀ ਟੈਂਪੂ ਸਰਹੰਦ ਨਹਿਰ ਵਿਚ ਜਾ ਡਿੱਗਿਆ। ਪੁਲਿਸ ਨੇ ਗੋਤਾਖੋਰਾਂ ਦੀ ਮਦਦ ਨਾਲ ਹਾਈਡਰਾਂ ਮਸ਼ੀਨ ਨਾਲ ਨਹਿਰ ਵਿਚੋਂ ਟੈਂਪੂ ਕੱਢ ਲਿਆ ਪਰ ਸਵਾਰੀਆਂ ਰੁੜ੍ਹ ਗਈਆਂ। NDRF ਵੱਲੋਂ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ।


ਜਾਣਕਾਰੀ ਅਨੁਸਾਰ, ਰਾਧਾਸਵਾਮੀ ਸਤਿਸੰਗ ਘਰ ਵੱਲੋਂ ਟੈਂਪੂ ਚਾਲਕ ਸਵਾਰੀਆਂ ਲੈ ਕੇ ਸ਼ਹਿਰ ਵੱਲ ਸਰਹੰਦ ਨਹਿਰ ਦੇ ਨਾਲ ਵਾਲੀ ਸੜਕ ’ਤੇ ਆ ਰਿਹਾ ਸੀ ਕਿ ਪਿੱਛੇ ਤੋਂ ਆ ਰਹੀ ਤੇਜ਼ ਰਫਤਾਰ ਥਾਰ ਕਾਰ ਨੇ ਟੱਕਰ ਮਾਰ ਦਿੱਤੀ ਜਿਸ ਦੇ ਚੱਲਦਿਆਂ ਟੈਂਪੂ ਸਿੱਧਾ ਸਰਹਿੰਦ ਨਹਿਰ ਵਿਚ ਜਾ ਡਿੱਗਾ। ਦੱਸਿਆ ਜਾ ਰਿਹਾ ਹੈ ਕਿ ਟੈਂਪੂ ਵਿੱਚ ਡਰਾਈਵਰ ਸਮੇਤ ਪੰਜ ਸਵਾਰੀਆਂ ਸਵਾਰ ਸਨ। ਘਟਨਾ ਸਥਾਨ ’ਤੇ ਪਹੁੰਚੇ ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਥਾਰ ਕਾਰ ਦੀ ਟੱਕਰ ਨਾਲ ਟੈਂਪੂ ਜਿਸ ਨੂੰ ਛੋਟਾ ਹਾਥੀ ਵੀ ਕਹਿੰਦੇ ਹਨ, ਸਰਹੰਦ ਨਹਿਰ ਵਿਚ ਡਿੱਗਿਆ ਹੈ ਪਰ ਉਸ ਵਿਚ ਕਿੰਨੀਆਂ ਸਵਾਰੀਆਂ ਸਵਾਰ ਸਨ, ਇਸ ਬਾਰੇ ਪੱਕਾ ਪਤਾ ਨਹੀਂ ਲੱਗਾ ਪਰ ਥਾਰ ਦਾ ਚਾਲਕ ਚਾਰ ਸਵਾਰੀਆਂ ਦੱਸ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਾਈਡਰਾ ਮਸ਼ੀਨ ਦੀ ਮਦਦ ਨਾਲ ਟੈਂਪੂ ਬਾਹਰ ਕੱਢ ਲਿਆ ਹੈ ਪਰ ਸਵਾਰੀ ਵਿਚ ਕੋਈ ਨਹੀਂ ਸੀ। ਪੁਲਿਸ ਨੇ ਥਾਰ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਸਵਾਰੀਆਂ ਦੀ ਭਾਲ ਜਾਰੀ ਹੈ ਪਰ ਨਹਿਰ ਵਿਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਮੁਸ਼ਕਲ ਆ ਰਹੀ ਹੈ। ਇਸ ਮੌਕੇ ਡਿਊਟੀ ਮੈਜਿਸਟਰੇਟ ਕੁਲਦੀਪ ਸਿੰਘ, ਡੀਐੱਸਪੀ ਹਰਪਿੰਦਰ ਕੌਰ ਗਿੱਲ ਹਾਜ਼ਰ ਸਨ। ਉੱਧਰ ਮੌਕੇ ’ਤੇ ਹਾਜ਼ਰ ਟੈਂਪੂ ਚਾਲਕ ਦੇ ਪੁੱਤਰ ਸੁਰਜਨ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਕਰਮ ਸਿੰਘ 2012 ਤੋਂ ਟੈਪੂ ਚਲਾ ਕੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ। ਉੱਧਰ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਆਦੇਸ਼ ਜਾਰੀ ਕਰਕੇ ਨਹਿਰ ਵਿੱਚ ਪਾਣੀ ਦਾ ਵਹਾਅ ਘਟਾਉਣ ਦੀ ਹਦਾਇਤ ਦਿੱਤੀ ਹੈ।

## ਸੜਕ ਕਿਨਾਰੇ ਹਾਜ਼ਰੀ ਲਗਾ ਰਹੇ 50-60 ਨਰੇਗਾ ਮਜ਼ਦੂਰਾਂ 'ਤੇ ਚੜ੍ਹਾਇਆ ਟਰੈਕਟਰ



ਨਾਭਾ ਬਲਾਕ ਦੇ ਪਿੰਡ ਹਸਨਪੁਰ ਪੁਲ ਦੇ ਨਜ਼ਦੀਕ ਨਰੇਗਾ ਮਜ਼ਦੂਰਾਂ ਦੇ ਉੱਪਰ ਟਰੈਕਟਰ ਚੜ੍ਹਨ ਕਾਰਣ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਦੋ ਨਰੇਗਾ ਮਜ਼ਦੂਰ ਔਰਤਾਂ ਦੀ ਮੌਤ ਹੋ ਗਈ, ਜਦਕਿ ਦਰਜਨ ਦੇ ਕਰੀਬ ਜ਼ਖਮੀ ਹੋ ਗਏ। ਜ਼ਖਮੀਆਂ ਵਿਚ ਇਕ ਬਜ਼ੁਰਗ ਵੀ ਸ਼ਾਮਲ ਹੈ। ਜ਼ਖਮੀਆਂ ਨੂੰ ਇਲਾਜ ਲਈ ਨਾਭਾ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਟਰੈਕਟਰ ਪ੍ਰਵਾਸੀ ਮਜ਼ਦੂਰ ਚਲਾ ਰਿਹਾ ਸੀ ਜਿਸ ਦੀ ਸਪੀਡ ਬਹੁਤ ਜ਼ਿਆਦਾ ਸੀ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਨਾਭਾ ਦੇ ਸਰਕਾਰੀ ਹਸਪਤਾਲ ਵਿਚ ਜ਼ਖਮੀਆਂ ਦਾ ਹਾਲ ਜਾਨਣ ਲਈ ਪਹੁੰਚੇ ਅਤੇ ਅਣਗਹਿਲੀ ਵਰਤਣ ਵਾਲੇ ਟਰੈਕਟਰ ਚਾਲਕ ਖ਼ਿਲਾਫ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੀ ਧਿਆਨ ਹਿੱਤ ਲਿਆਵਾਂਗਾ ਕਿ ਜੋ ਗਰੀਬ ਨਰੇਗਾ ਮਜ਼ਦੂਰਾਂ ਨਾਲ ਇਹ ਹਾਦਸਾ ਵਾਪਰਿਆ ਉਨ੍ਹਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਵੇ। ਮਿਲੀ ਜਾਣਕਾਰੀ ਮੁਤਾਬਕ ਹਸਨਪੁਰ ਪਿੰਡ ਦੇ ਪੁੱਲ 'ਤੇ 50-60 ਨਰੇਗਾ ਮਜ਼ਦੂਰ ਹਾਜ਼ਰੀ ਲਗਾ ਸਨ ਤਾਂ ਬੇਲਗਾਮ ਟਰੈਕਟਰ ਚਾਲਕ ਜੋ ਕਿ ਪ੍ਰਵਾਸੀ ਮਜ਼ਦੂਰ ਚਲਾ ਰਿਹਾ ਸੀ ਨੇ ਟਰੈਕਟਰ ਸਿੱਧਾ ਮਜ਼ਦੂਰਾਂ ਉੱਪਰ ਚੜ੍ਹਾ ਦਿੱਤਾ। ਇਸ ਹਾਦਸੇ ਵਿਚ ਦੋ ਔਰਤਾਂ ਦੀ ਮੌਤ ਹੋ ਗਈ ਅਤੇ 12 ਦੇ ਕਰੀਬ ਜ਼ਖਮੀ ਹੋ ਗਏ। ਮ੍ਰਿਤਕ ਔਰਤਾਂ ਵਿਚ ਹਸਨਪੁਰ ਦੀ ਰਹਿਣ ਵਾਲੀ ਜਰਨੈਲ ਕੌਰ ਅਤੇ ਤੁੰਗਾਂ ਪਿੰਡ ਦੀ ਰਹਿਣ ਵਾਲੀ ਦਰੋਪਤੀ ਸ਼ਾਮਲ ਹੈ। ਹਾਦਸੇ ਵਿਚ ਕਈ ਔਰਤਾਂ ਦੀਆਂ ਲੱਤਾਂ ਟੁੱਟ ਗਈਆਂ ਅਤੇ ਕਈਆਂ ਦੀਆਂ ਬਾਹਾਂ। ਇਸ ਹਾਦਸੇ ਤੋਂ ਬਾਅਦ ਪ੍ਰਵਾਸੀ ਮਜ਼ਦੂਰ ਨੇ ਟਰੈਕਟਰ ਸਿੱਧਾ ਚੋਏ ਵਿਚ ਉਤਾਰ ਦਿੱਤਾ ਜੋ ਕਿ ਝੋਨੇ ਦੇ ਨਾਲ ਲੱਦਿਆ ਹੋਇਆ ਸੀ।


## ਜਲੰਧਰ ਦੀ PPR ਮਾਰਕੀਟ ’ਚ ਵੱਡੀ ਵਾਰਦਾਤ



ਮੰਗਲਵਾਰ ਦੇਰ ਰਾਤ ਸਕੂਟਰੀ 'ਤੇ ਆਏ ਨਕਾਬਪੋਸ਼ ਲੁਟੇਰਿਆਂ ਨੇ ਪੀ. ਪੀ. ਆਰ. ਮਾਰਕੀਟ 'ਚ ਸਥਿਤ ਸ਼ਰਾਬ ਦੇ ਠੇਕੇ ’ਤੇ ਹਮਲਾ ਕਰ ਦਿੱਤਾ ਗਿਆ। ਲੁਟੇਰਿਆਂ ਨੇ ਦੁਕਾਨ ’ਚੋਂ ਨਕਦੀ ਅਤੇ ਅੰਦਰ ਖੜ੍ਹੇ 2 ਗਾਹਕਾਂ ਤੋਂ ਸੋਨੇ ਦੀ ਚੇਨ ਅਤੇ ਨਕਦੀ ਲੁੱਟ ਲਈ, ਜਿਸ ਤੋਂ ਬਾਅਦ ਉਹ ਭੱਜਣ ਲੱਗੇ ਅਤੇ ਲੋਕਾਂ ਨੇ ਪਿੱਛਾ ਕਰਕੇ ਉਨ੍ਹਾਂ ਨੂੰ ਇਕ ਗਲੀ ’ਚੋਂ ਫੜ ਲਿਆ। ਲੁਟੇਰਿਆਂ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ ਹੈ। ਇਸ ਝਗੜੇ ’ਚ ਇਕ ਠੇਕੇ ਦਾ ਕਰਿੰਦਾ ਵੀ ਜ਼ਖ਼ਮੀ ਹੋ ਗਿਆ ਹੈ।

ਠੇਕੇ ’ਤੇ ਕੰਮ ਕਰਦੇ ਧਰਮਿੰਦਰ ਨੇ ਦੱਸਿਆ ਕਿ ਰਾਤ ਦੇ 10 ਵਜੇ ਜਦੋਂ ਉਹ ਠੇਕੇ ’ਤੇ ਆਪਣੇ ਸਾਥੀ ਨਾਲ ਲਿਸਟ ਬਣਾ ਰਿਹਾ ਸੀ ਤਾਂ ਸਕੂਟਰ ਸਵਾਰ 3 ਵਿਅਕਤੀਆਂ ’ਚੋਂ 2 ਨਕਾਬਪੋਸ਼ ਨੌਜਵਾਨ ਅੰਦਰ ਆ ਗਏ। ਆਉਂਦਿਆਂ ਹੀ ਉਸ ਨੇ ਕਾਊਂਟਰ ’ਤੇ ਪਿਸਤੌਲ ਰੱਖ ਦਿੱਤੀ, ਜਦਕਿ ਦੂਜੇ ਕੋਲ ਕਿਰਪਾਨ ਸੀ ਅਤੇ ਤੀਜਾ ਬਾਹਰ ਖੜ੍ਹਾ ਸੀ, ਜਦੋਂ ਲੁਟੇਰਿਆਂ ਨੇ ਨਕਦੀ ਬਾਰੇ ਪੁੱਛਿਆ ਤਾਂ ਉਸ ਨੇ ਗੱਲੇ ਵੱਲ ਇਸ਼ਾਰਾ ਕੀਤਾ ਅਤੇ ਖ਼ੁਦ ਇਕ ਹੋਰ ਕਰਿੰਦੇ ਕੋਲ ਚਲਾ ਗਿਆ। ਲੁਟੇਰਿਆਂ ਨੇ ਗੱਲੇ ’ਚੋਂ 7 ਹਜ਼ਾਰ ਰੁਪਏ ਕੱਢ ਲਏ ਪਰ ਇਸ ਦੌਰਾਨ 2 ਗਾਹਕ ਆ ਗਏ ਅਤੇ ਲੁਟੇਰਿਆਂ ਨੇ ਉਨ੍ਹਾਂ ਕੋਲੋਂ ਨਕਦੀ ਤੇ ਸੋਨੇ ਦੀ ਚੇਨ ਵੀ ਲੁੱਟ ਲਈ।

## ਵਿਜੀਲੈਂਸ ਦਾ ਵੱਡਾ ਐਕਸ਼ਨ, 2,70,000 ਰੁ: ਰਿਸ਼ਵਤ ਲੈਣ ਦੇ ਦੋਸ਼ ਹੇਠ ASI ਖਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ



ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਥਾਣਾ ਡਵੀਜ਼ਨ ਨੰਬਰ 5, ਲੁਧਿਆਣਾ ਸ਼ਹਿਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਚਰਨਜੀਤ ਸਿੰਘ ਵਿਰੁੱਧ 2,70,000 ਰੁਪਏ ਰਿਸ਼ਵਤ ਮੰਗਣ ਅਤੇ ਹਾਸਲ ਕਰਨ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਇਹ ਕੇਸ ਲੁਧਿਆਣਾ ਬੱਸ ਸਟੈਂਡ ਨੇੜੇ ਜਵਾਹਰ ਨਗਰ ਕੈਂਪ ਵਿਖੇ ਸਥਿਤ ਤਾਜ ਹੋਟਲ ਦੇ ਮਾਲਕ ਕਮਲਜੀਤ ਅਹੂਜਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉਪਰ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਏ.ਐਸ.ਆਈ. ਉਸਦੇ ਪਰਿਵਾਰਕ ਮੈਂਬਰਾਂ ਵਿਰੁੱਧ ਡਵੀਜ਼ਨ ਨੰਬਰ 5 ਥਾਣੇ ਵਿੱਚ ਦਰਜ ਇੱਕ ਕੇਸ ਵਿੱਚ ਆਈ.ਪੀ.ਸੀ. ਦੀ ਧਾਰਾ 307, 379-ਬੀ ਜੋੜਨ ਦੀਆਂ ਧਮਕੀਆਂ ਦੇ ਕੇ ਉਸ ਤੋਂ ਪਹਿਲਾਂ ਹੀ 2,70,000 ਰੁਪਏ ਰਿਸ਼ਵਤ ਵਜੋਂ ਵਸੂਲ ਚੁੱਕਿਆ ਹੈ ਅਤੇ ਹੁਣ ਹੋਰ ਰਿਸ਼ਵਤ ਮੰਗ ਰਿਹਾ ਹੈ।

# ਕੀ ਪਿਤਾ ਬਣਨ ਬਣਨ ਵਾਲੇ ਹਨ ਅਰਬਾਜ਼ ਖਾਨ?



ਅਰਬਾਜ਼ ਖਾਨ ਅਤੇ ਸ਼ੂਰਾ ਦੇ ਵਿਆਹ ਨੂੰ ਲਗਭਗ 7 ਮਹੀਨੇ ਹੋ ਗਏ ਹਨ। ਅਕਸਰ ਦੋਵੇਂ ਇਕ-ਦੂਜੇ ਨਾਲ ਖਾਸ ਸਮਾਂ ਬਿਤਾਉਂਦੇ ਨਜ਼ਰ ਆਉਂਦੇ ਹਨ। ਇਸ ਦੌਰਾਨ ਜੋੜੇ ਨੂੰ ਮੁੰਬਈ ਦੇ ਇੱਕ ਕਲੀਨਿਕ ਦੇ ਬਾਹਰ ਦੇਖਿਆ ਗਿਆ। ਇਸ ਦੌਰਾਨ ਦੋਵੇਂ ਕਾਫੀ ਖੁਸ਼ ਨਜ਼ਰ ਆ ਰਹੇ ਸਨ। ਅਰਬਾਜ਼ ਖਾਨ ਨੂੰ ਇੱਕ ਆਮ ਪਹਿਰਾਵੇ 'ਚ ਦੇਖਿਆ ਗਿਆ ਸੀ, ਜਦੋਂ ਕਿ ਸ਼ੂਰਾ ਖਾਨ ਨੇ ਇੱਕ ਕ੍ਰੌਪ-ਟਾਪ ਅਤੇ ਡੈਨੀਮ ਸ਼ਾਰਟਸ ਦੇ ਨਾਲ ਇੱਕ ਖੁੱਲੀ ਕਮੀਜ਼ ਪਹਿਨੀ ਸੀ ਅਤੇ ਇਸ ਨੂੰ ਇੱਕ ਕੈਪ ਨਾਲ ਸਟਾਈਲ ਕੀਤਾ ਸੀ।ਹਸਪਤਾਲ ਤੋਂ ਬਾਹਰ ਨਿਕਲਦੇ ਸਮੇਂ, ਇੱਕ ਪੈਪਰਾਜ਼ੀ ਨੇ ਉਸ ਨੂੰ ਖੁਸ਼ਖਬਰੀ ਬਾਰੇ ਪੁੱਛਿਆ। ਵੀਡੀਓ 'ਚ ਪੈਪਰਾਜ਼ੀ ਜੋੜੇ ਨੂੰ ਪੁੱਛਦੇ ਹੋਏ ਸੁਣਿਆ ਜਾ ਸਕਦਾ ਹੈ ਕਿ ਕੀ ਉਨ੍ਹਾਂ ਕੋਲ 'ਕੀ goodnews ਹੈ ? 'ਹਾਲਾਂਕਿ ਅਰਬਾਜ਼ ਅਤੇ ਸ਼ੂਰਾ ਨੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਅਤੇ ਆਪਣੀ ਕਾਰ ਵਿੱਚ ਬੈਠ ਗਏ। ਇਸ ਵੀਡੀਓ ਨੂੰ ਆਪਣੇ ਇੰਸਟਾ ਅਕਾਊਂਟ 'ਤੇ ਸ਼ੇਅਰ ਕਰਦੇ ਹੋਏ Viral BHayani ਨੇ ਕੈਪਸ਼ਨ 'ਚ ਲਿਖਿਆ- ਕੀ ਖੁਸ਼ਖਬਰੀ ਹੈ? ਅਰਬਾਜ਼ ਦੇ ਪ੍ਰਸ਼ੰਸਕ ਵੀ ਇਸ ਵੀਡੀਓ 'ਤੇ ਕੁਮੈਂਟ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਇਹੀ ਸਵਾਲ ਪੁੱਛ ਰਹੇ ਹਨ। ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਸ਼ੂਰਾ ਮਾਂ ਬਣਨ ਜਾ ਰਹੀ ਹੈ, ਜਦਕਿ 59 ਸਾਲਾ ਅਰਬਾਜ਼ ਖਾਨ ਦੂਜੀ ਵਾਰ ਪਿਤਾ ਬਣਨਗੇ।

ਤੁਹਾਨੂੰ ਦੱਸ ਦੇਈਏ ਕਿ ਅਰਬਾਜ਼-ਸ਼ੂਰਾ ਨੇ ਇੱਕ ਸਾਲ ਤੋਂ ਵੱਧ ਸਮੇਂ ਤੱਕ ਡੇਟ ਕਰਨ ਤੋਂ ਬਾਅਦ ਦਸੰਬਰ 2023 'ਚ ਵਿਆਹ ਕੀਤਾ ਹੈ। ਉਨ੍ਹਾਂ ਦੇ ਅਫੇਅਰ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਉਨ੍ਹਾਂ ਨੂੰ ਕਦੇ ਇਕੱਠੇ ਨਹੀਂ ਦੇਖਿਆ ਗਿਆ। ਹਾਲਾਂਕਿ, ਅਰਬਾਜ਼ ਨੇ ਬਾਅਦ 'ਚ ਖੁਲਾਸਾ ਕੀਤਾ ਕਿ ਉਹ ਲਗਭਗ ਇੱਕ ਸਾਲ ਤੱਕ ਡੇਟ ਕਰ ਰਹੇ ਸਨ ਅਤੇ ਉਹ ਹਰ ਰੋਜ਼ ਡਿਨਰ ਲਈ ਬਾਹਰ ਜਾਂਦੇ ਸਨ, ਹਾਲਾਂਕਿ, ਪੈਪਰਾਜ਼ੀ ਨੇ ਉਨ੍ਹਾਂ ਨੂੰ ਕਦੇ ਧਿਆਨ ਨਹੀਂ ਦਿੱਤਾ।

# ਇਨ੍ਹਾਂ ਚੀਜਾਂ ਨਾਲ ਅੰਬਾਨੀ ਪਰਿਵਾਰ ਨੇ ਵਿਦਾ ਕੀਤੀਆਂ 50 ਬੇਟੀਆਂ



ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦਾ ਹਰ ਕੋਈ ਇੰਤਜ਼ਾਰ ਕਰ ਰਿਹਾ ਹੈ। ਅੰਬਾਨੀ ਪਰਿਵਾਰ ਨੇ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੀਆਂ ਰਸਮਾਂ ਦੀ ਸ਼ੁਰੂਆਤ ਗਰੀਬ ਲੜਕੀਆਂ ਦੇ ਸਮੂਹਿਕ ਵਿਆਹ ਨਾਲ ਸ਼ੁਰੂ ਕੀਤੀ ਹੈ। ਗਰੀਬ ਪਰਿਵਾਰਾਂ ਨਾਲ ਸਬੰਧਤ 50 ਤੋਂ ਵੱਧ ਜੋੜੇ ਮੁੰਬਈ ਤੋਂ ਲਗਭਗ 100 ਕਿਲੋਮੀਟਰ ਦੂਰ ਪਾਲਘਰ ਆਏ ਸਨ। ਰਿਲਾਇੰਸ ਕਾਰਪੋਰੇਟ ਪਾਰਕ ਵਿਖੇ ਸਮੂਹਿਕ ਵਿਆਹ ਕਰਵਾਇਆ ਗਿਆ।ਇਸ ਸਮੂਹਿਕ ਵਿਆਹ 'ਚ ਲਾੜਾ-ਲਾੜੀ ਦੇ ਪੱਖ ਦੇ ਕਰੀਬ 800 ਲੋਕਾਂ ਨੇ ਭਾਗ ਲਿਆ। ਇਸ ਮੌਕੇ ਅੰਬਾਨੀ ਪਰਿਵਾਰ ਨੇ ਅਜਿਹੇ ਕਈ ਸਮੂਹਿਕ ਵਿਆਹ ਕਰਵਾਉਣ ਦਾ ਸੰਕਲਪ ਲਿਆ। ਨੀਤਾ ਅੰਬਾਨੀ ਅਤੇ ਮੁਕੇਸ਼ ਅੰਬਾਨੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਸਮੂਹਿਕ ਵਿਆਹ 'ਚ ਸ਼ਾਮਲ ਹੋਏ। ਅੰਬਾਨੀ ਪਰਿਵਾਰ ਨੇ ਨਵੇਂ ਵਿਆਹੇ ਜੋੜੇ ਨੂੰ ਵਧਾਈ ਦਿੱਤੀ। ਇਸ ਮੌਕੇ ਰਿਲਾਇੰਸ ਫਾਊਂਡੇਸ਼ਨ ਦੀ ਚੇਅਰਪਰਸਨ ਨੀਤਾ ਅੰਬਾਨੀ ਭਾਵੁਕ ਹੋ ਗਈ।ਸਮੂਹਿਕ ਵਿਆਹ ਤੋਂ ਬਾਅਦ ਨੀਤਾ ਅੰਬਾਨੀ ਨੇ ਕਿਹਾ, 'ਅੱਜ ਇਨ੍ਹਾਂ ਸਾਰੇ ਜੋੜਿਆਂ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ। ਮੈਂ ਇੱਕ ਮਾਂ ਹਾਂ ਅਤੇ ਇੱਕ ਮਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਹੁੰਦੇ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਹੁੰਦੀ ਹੈ। ਰਾਧਿਕਾ ਅਤੇ ਅਨੰਤ ਦੇ ਵਿਆਹ ਦੇ ਸਾਰੇ ਸ਼ੁਭ ਜਸ਼ਨ ਅੱਜ ਤੋਂ ਸ਼ੁਰੂ ਹੋ ਰਹੇ ਹਨ। ਮੈਂ ਖੁਸ਼ਕਿਸਮਤ ਹਾਂ ਕਿ ਮੈਂ ਇੱਥੇ ਆਈ ਹਾਂ, ਉਨ੍ਹਾਂ ਦਾ ਜੀਵਨ ਖੁਸ਼ਹਾਲ ਹੋਵੇ।

# ਸ਼ਤਰੂਘਨ ਸਿਨਹਾ ਨੂੰ ਅਚਾਨਕ ਕਿਉਂ ਕਰਵਾਉਣੀ ਪਈ ਇਹ ਸਰਜਰੀ?



ਬਾਲੀਵੁੱਡ ਅਦਾਕਾਰ ਅਤੇ ਲੋਕ ਸਭਾ ਮੈਂਬਰ ਸ਼ਤਰੂਘਨ ਸਿਨਹਾ ਇਨ੍ਹੀਂ ਦਿਨੀਂ ਆਪਣੀ ਖ਼ਰਾਬ ਸਿਹਤ ਨੂੰ ਲੈ ਲਗਾਤਾਰ ਸੁਰਖੀਆਂ ਬਟੋਰ ਰਹੇ ਹਨ। ਅਦਾਕਾਰ ਨੂੰ ਮੁੰਬਈ ਦੇ ਕੋਕਿਲਾਬੇਨ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮਾਮੂਲੀ ਸਰਜਰੀ ਹੋਈ ਹੈ। ਸੀਨੀਅਰ ਅਦਾਕਾਰ ਦਾ ਚੋਣ ਪ੍ਰਚਾਰ ਅਤੇ ਆਪਣੀ ਧੀ ਸੋਨਾਕਸ਼ੀ ਸਿਨਹਾ ਦੇ ਵਿਆਹ ਕਾਰਨ ਕਾਫ਼ੀ ਵਿਅਸਤ ਸਮਾਂ ਸੀ। ਇਕ ਸੂਤਰ ਨੇ ਦੱਸਿਆ ਕਿ ਜਦੋਂ ਸੋਨਾਕਸ਼ੀ ਆਪਣੇ ਪਤੀ ਜ਼ਹੀਰ ਇਕਬਾਲ ਨਾਲ ਹਸਪਤਾਲ ਗਈ ਸੀ, ਉਦੋਂ ਅਜਿਹੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਉਹ ਗਰਭਵਤੀ ਹੈ। ਦਰਅਸਲ, ਇੱਕ ਸੂਤਰ ਨੇ ਖੁਲਾਸਾ ਕੀਤਾ ਕਿ ਅਦਾਕਾਰਾ ਆਪਣੇ ਪਿਤਾ ਨੂੰ ਮਿਲਣ ਹਸਪਤਾਲ ਗਈ ਸੀ।


### ਪਸਲੀਆਂ 'ਚ ਸੀ ਦਰਦ

ਹਸਪਤਾਲ 'ਚ ਜਦੋਂ ਸ਼ਤਰੂਘਨ ਸਿਨਹਾ ਦਾ ਰੁਟੀਨ ਚੈਕਅੱਪ ਕਰਵਾਇਆ ਗਿਆ ਤਾਂ ਪਤਾ ਲੱਗਾ ਕਿ ਤਿਲਕਣ ਕਾਰਨ ਉਨ੍ਹਾਂ ਦੀਆਂ ਪਸਲੀਆਂ 'ਤੇ ਸੱਟ ਲੱਗੀ ਹੈ। ਸ਼ਤਰੂਘਨ ਸਿਨਹਾ ਨੂੰ ਹਸਪਤਾਲ ਤੋਂ ਕਦੋਂ ਛੁੱਟੀ ਮਿਲੇਗੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਪਰ ਕਿਹਾ ਜਾ ਰਿਹਾ ਹੈ ਕਿ ਅਭਿਨੇਤਾ ਦੀ ਹਾਲਤ ਫਿਲਹਾਲ ਸਥਿਰ ਹੈ ਅਤੇ ਉਨ੍ਹਾਂ ਨੂੰ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਸ਼ਤਰੂਘਨ ਦੀ ਲੋਕ ਸਭਾ ਜਿੱਤ ਅਤੇ ਸੋਨਾਕਸ਼ੀ ਦੇ ਵਿਆਹ ਦੇ ਦੋਹਰੇ ਜਸ਼ਨ ਤੋਂ ਬਾਅਦ ਸਿਨਹਾ ਪਰਿਵਾਰ ਲਈ ਇਹ ਥੋੜਾ ਪਰੇਸ਼ਾਨੀ ਵਾਲਾ ਪਲ ਹੈ।

### 23 ਜੂਨ ਨੂੰ ਬੱਝੇ ਸੀ ਵਿਆਹ ਦੇ ਬੰਧਨ 'ਚ ਸੋਨਾਕਸ਼ੀ-ਜ਼ਹੀਰ

ਸ਼ਤਰੂਘਨ ਸਿਨਹਾ ਨੇ ਹਾਲ ਹੀ 'ਚ ਪੱਛਮੀ ਬੰਗਾਲ ਦੇ ਆਸਨਸੋਲ ਹਲਕੇ ਤੋਂ ਲੋਕ ਸਭਾ ਚੋਣ ਜਿੱਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਉੱਥੇ ਦੇ ਲੋਕਾਂ ਦਾ ਧੰਨਵਾਦ ਕੀਤਾ ਸੀ। ਅਭਿਨੇਤਾ ਨੇ ਭਾਜਪਾ ਉਮੀਦਵਾਰ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਖ਼ਿਲਾਫ਼ 59,564 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਸੀ। ਇਸ ਦੌਰਾਨ ਸੋਨਾਕਸ਼ੀ ਅਤੇ ਜ਼ਹੀਰ ਨੇ ਸੱਤ ਸਾਲ ਦੀ ਡੇਟਿੰਗ ਤੋਂ ਬਾਅਦ 23 ਜੂਨ ਨੂੰ ਮੁੰਬਈ 'ਚ ਵਿਆਹ ਕਰ ਲਿਆ।

# 'ਕਲਕੀ 2898 ਏ.ਡੀ' ਦੇਖਣ ਤੋਂ ਬਾਅਦ ਰਣਵੀਰ ਸਿੰਘ ਨੇ ਕੀਤੀ ਦੀਪਿਕਾ ਪਾਦੂਕੋਣ ਦੀ ਤਾਰੀਫ਼





ਅਦਾਕਾਰਾ ਦੀਪਿਕਾ ਪਾਦੂਕੋਣ ਇਨ੍ਹੀਂ ਦਿਨੀਂ ਸੁਰਖੀਆਂ 'ਚ ਹੈ। ਇਕ ਪਾਸੇ ਜਿੱਥੇ ਦੀਪਿਕਾ ਜਲਦ ਹੀ ਮਾਂ ਬਣਨ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਹਾਲ ਹੀ 'ਚ ਉਨ੍ਹਾਂ ਦੀ ਫ਼ਿਲਮ 'ਕਲਕੀ 2898' ਰਿਲੀਜ਼ ਹੋਈ ਹੈ, ਜਿਸ 'ਚ ਉਨ੍ਹਾਂ ਦੇ ਕੰਮ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਦੇਖਣ ਤੋਂ ਬਾਅਦ ਰਣਵੀਰ ਸਿੰਘ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਪਤਨੀ ਦੀਪਿਕਾ ਪਾਦੂਕੋਣ ਅਤੇ ਫ਼ਿਲਮ ਦੀ ਤਾਰੀਫ ਕੀਤੀ।ਉਸ ਨੇ ਲਿਖਿਆ- 'ਕਲਕੀ 2898 ਏ.ਡੀ:' ਇੱਕ ਸ਼ਾਨਦਾਰ ਸਿਨੇਮੈਟਿਕ ਤਮਾਸ਼ਾ ਹੈ, ਇਹ ਵੱਡੇ ਪਰਦੇ ਦਾ ਸਿਨੇਮਾ ਹੈ, ਤਕਨੀਕੀ ਐਗਜ਼ੀਕਿਊਸ਼ਨ 'ਚ ਉੱਤਮਤਾ ਦਾ ਉੱਚਤਮ ਪੱਧਰ, ਭਾਰਤੀ ਸਿਨੇਮਾ 'ਚ ਸਭ ਤੋਂ ਵਧੀਆ। ਨਾਗੀ ਸਰ ਅਤੇ ਟੀਮ ਨੂੰ ਵਧਾਈ! ਪ੍ਰਭਾਸ - ਬਾਗੀ ਸਿਤਾਰਾ ਰੌਸ਼ਨ ਕਰ ਰਿਹਾ ਹੈ! ਕਮਲ ਹਾਸਨ ਉਲਗਨਯਾਗਨ ਸਦਾ ਲਈ ਸਰਵਉੱਚ ਹੈ! ਅਤੇ ਜੇਕਰ ਤੁਸੀਂ ਮੇਰੇ ਵਰਗੇ ਮਹਾਨ ਅਮਿਤਾਭ ਬੱਚਨ ਦੇ ਪ੍ਰਸ਼ੰਸਕ ਹੋ, ਤਾਂ ਤੁਸੀਂ ਇਸ ਨੂੰ ਮਿਸ ਨਹੀਂ ਕਰ ਸਕਦੇ! ਮੇਰੀ ਪਿਆਰੀ ਦੀਪਿਕਾ ਪਾਦੂਕੋਣ ਲਈ, ਤੁਸੀਂ ਆਪਣੀ ਕਿਰਪਾ ਅਤੇ ਮਾਣ ਨਾਲ ਹਰ ਪਲ ਨੂੰ ਉੱਚਾ ਕਰਦੇ ਹੋ। ਅਜਿਹੀ ਸ਼ਿੱਦਤ, ਅਜਿਹੀ ਕਵਿਤਾ, ਅਜਿਹੀ ਸ਼ਕਤੀ। ਤੁਸੀਂ ਬੇਮਿਸਾਲ ਹੋ। ਮੈਂ ਤੁਹਾਨੂੰ ਪਿਆਰ ਕਰਦਾ ਹਾਂ!'

# 'ਕਾਂਗੁਵਾ' ਨੂੰ ਰਿਲੀਜ਼ ਹੋਣ 'ਚ ਸਿਰਫ 100 ਦਿਨ ਬਾਕੀ!




ਸਟੂਡੀਓ ਗ੍ਰੀਨ ਦੀ 'ਕੰਗੁਵਾ' ਸੂਰੀਆ ਅਭਿਨੀਤ ਸਭ ਤੋਂ ਵੱਡੀ ਰਿਲੀਜ਼ਾਂ ਵਿਚੋਂ ਇਕ ਹੈ, ਜਿਸ ਦੀ ਦਰਸ਼ਕਾਂ ਦੁਆਰਾ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ। ਟੀਜ਼ਰ ਪਹਿਲਾਂ ਹੀ ਇਸਦੀ ਰੋਮਾਂਚਕ ਦੁਨੀਆ ਦੀ ਝਲਕ ਦੇ ਚੁੱਕਾ ਹੈ, ਜੋ ਲਗਾਤਾਰ ਉਤਸ਼ਾਹ ਵਧ ਰਿਹਾ ਹੈ। ਨਿਰਮਾਤਾਵਾਂ ਨੇ 10 ਅਕਤੂਬਰ 2024 ਨੂੰ ਰਿਲੀਜ਼ ਡੇਟ ਦਾ ਐਲਾਨ ਕੀਤਾ ਹੈ। 'ਕੰਗੁਵਾ' ਦੇ ਨਿਰਮਾਤਾਵਾਂ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਸ਼ੇਅਰ ਕੀਤਾ ਹੈ, ਜਿਸ ਵਿਚ ਇਸ ਦੀ ਰੋਮਾਂਚਕ ਦੁਨੀਆ ਦੀ ਝਲਕ ਦਿੱਤੀ ਗਈ ਹੈ ਤੇ ਇਸ ਦੀ ਰਿਲੀਜ਼ ਲਈ 100 ਦਿਨਾਂ ਦੀ ਕਾਊਂਟਡਾਊਨ ਸ਼ੁਰੂ ਹੋ ਗਈ ਹੈ।

# ਸੋਨਮ ਬਾਜਵਾ ਨੇ ਧੋਤੀ ਸੂਟ ਚ ਖਿੱਚਿਆ ਧਿਆਨ



ਪੰਜਾਬੀ ਇੰਡਸਟਰੀ 'ਚ ਬੋਲਡ ਅਦਾਕਾਰਾ ਦੇ ਨਾਂ ਨਾਲ ਪ੍ਰਸਿੱਧ ਸੋਨਮ ਬਾਜਵਾ ਅਕਸਰ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀ ਕਰਦੀ ਰਹਿੰਦੀ ਹੈ। ਅਦਾਕਾਰੀ ਦੇ ਨਾਲ-ਨਾਲ ਸੋਨਮ ਦੀ ਡਰੈੱਸਿੰਗ ਸੈੱਸ ਵੀ ਕਾਫ਼ੀ ਚਰਚਾ 'ਚ ਰਹਿੰਦੀ ਹੈ। ਹਾਲ ਹੀ 'ਚ ਸੋਨਮ ਬਾਜਵਾ ਦਾ ਪੰਜਾਬੀ ਲੁੱਕ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਇਆ ਹੈ। ਇਹ ਤਸਵੀਰਾਂ ਸੋਨਮ ਬਾਜਵਾ ਨੇ ਆਪਣੇ ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ 'ਚ ਉਸ ਦਾ ਦਿਲਕਸ਼ ਅੰਦਾਜ਼ ਵੇਖਣ ਨੂੰ ਮਿਲ ਰਿਹਾ ਹੈ।ਇਨ੍ਹਾਂ ਤਸਵੀਰਾਂ 'ਚ ਸੋਨਮ ਬਾਜਵਾ ਕਾਲੇ ਧੋਤੀ ਸੂਟ 'ਚ ਨਜ਼ਰ ਆ ਰਹੀ ਹੈ। ਤਸਵੀਰਾਂ 'ਚ ਅਦਾਕਾਰਾ ਵੱਖ-ਵੱਖ ਸਟਾਈਲ 'ਚ ਪੋਜ਼ ਦਿੰਦੀ ਨਜ਼ਰ ਆ ਰਹੀ ਹੈ।ਤਸਵੀਰਾਂ 'ਚ ਸੋਨਮ ਦਾ ਗਲੈਮਰਸ ਲੁੱਕ ਪ੍ਰਸ਼ੰਸਕਾਂ ਵੱਲੋਂ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ।ਦੱਸਣਯੋਗ ਹੈ ਕਿ ਸੋਨਮ ਬਾਜਵਾ ਪੰਜਾਬੀ ਇੰਡਸਟਰੀ ਦੀ ਟੌਪ ਅਦਾਕਾਰਾ ਹੈ। ਐਕਟਿੰਗ ਦੇ ਮਾਮਲੇ ਤਾਂ ਸੋਨਮ ਨੰਬਰ ਇੱਕ ਹੈ ਹੀ, ਨਾਲ ਹੀ ਅਦਾਕਾਰਾ ਦੀ ਖੂਬਸਰੂਤੀ ਦਾ ਵੀ ਕੋਈ ਜਵਾਬ ਨਹੀਂ।ਸੋਨਮ ਦੀ ਖੂਬਸੂਰਤੀ ਸਾਹਮਣੇ ਕਈ ਬਾਲੀਵੁੱਡ ਅਭਿਨੇਇਸ ਸਾਲ ਦੀ ਗੱਲ ਕਰੀਏ ਤਾਂ 2024 'ਚ ਵੀ ਸੋਨਮ ਬਾਜਵਾ ਕਈ ਫ਼ਿਲਮਾਂ 'ਚ ਨਜ਼ਰ ਆਵੇਗੀ, ਜਿਨ੍ਹਾਂ 'ਚੋਂ ਫ਼ਿਲਮ 'ਕੁੜੀ ਹਰਿਆਣੇ ਵੱਲ ਦੀ' ਦੀ ਸ਼ੂਟਿੰਗ ਸ਼ੁਰੂ ਹੋਈ ਹੈ।
ਤਰੀਆਂ ਫੇਲ੍ਹ ਹਨ। ਸੋਨਮ ਲਈ ਸਾਲ 2023 ਕਾਫ਼ੀ ਵਧੀਆ ਰਿਹਾ ਹੈ।

# ਗਾਇਕ ਸੁਰਿੰਦਰ ਲਾਡੀ ਕੈਨੇਡਾ ਤੋਂ ਵਤਨ ਪਰਤੇ



ਪੰਜਾਬੀ ਲੋਕ ਗਾਇਕ ਸੁਰਿੰਦਰ ਲਾਡੀ ਕੈਨੇਡਾ ਦੇ ਲੰਬੇ ਟੂਰ ਤੋਂ ਬਾਅਦ ਆਪਣੇ ਵਤਨ ਪੰਜਾਬ ਪਰਤ ਆਏ ਹਨ। ਜਾਣਕਾਰੀ ਦਿੰਦਿਆਂ ਮੈਨੇਜਰ ਕੁਲਵੀਰ ਨੇ ਦੱਸਿਆ ਕੇ ਇਸ ਟੂਰ 'ਚ ਗਾਇਕ ਸੁਰਿੰਦਰ ਲਾਡੀ ਨੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਸਰੀ, ਵੈਨਕੂਵਰ, ਟੋਰਾਂਟੋ ਤੇ ਐਡਮਿੰਟਨ ਵਿਚ ਸਫਲ ਸਟੇਜ ਸ਼ੋਅ ਕੀਤੇ। ਇਨ੍ਹਾਂ ਸ਼ੋਆਂ 'ਚ ਕੇਨੈਡਾ ਵਿਚ ਵਸਦੇ ਪੰਜਾਬੀਆਂ ਨੇ ਬਹੁਤ ਪਿਆਰ ਦਿੱਤਾ | ਉਨ੍ਹਾਂ ਕਹਿਣਾ ਹੈ ਗਾਇਕ ਸੁਰਿੰਦਰ ਲਾਡੀ ਹੁਣ ਮੁੜ ਪੰਜਾਬ ਵਿਚ ਪ੍ਰੋਗਰਾਮ ਕਰਨਗੇ ਤੇ ਬਹੁਤ ਜਲਦੀ ਆਪਣੇ ਨਵੇਂ ਗੀਤ ਵੀ ਸਰੋਤਿਆਂ ਦੀ ਝੋਲੀ ਪਾਉਣਗੇ।

## ਪੰਜਾਬ ਦੀ ਧੀ ਨੇ ਪਰਦੇਸ 'ਚ ਗੱਡੇ ਝੰਡੇ, ਕੈਨੇਡਾ ਪੁਲਸ 'ਚ ਭਰਤੀ ਹੋ ਕਰਵਾ ਦਿੱਤੀ ਬੱਲੇ-ਬੱਲੇ



ਪੰਜਾਬ ਦੀ ਧੀ ਸੰਦੀਪ ਕੌਰ ਨੇ ਕੈਨੇਡਾ ਦੀ ਪੁਲਸ 'ਚ ਭਰਤੀ ਹੋ ਕੇ ਪੰਜਾਬ ਦਾ ਹੀ ਨਹੀਂ, ਪੂਰੇ ਭਾਰਤ ਦਾ ਨਾਂ ਰੌਸ਼ਨ ਕਰ ਦਿੱਤਾ ਹੈ। ਸੰਦੀਪ ਕੌਰ ਦਾ ਜਨਮ ਪਿੰਡ ਅੜੈਚਾਂ ਵਿਖੇ ਹੋਇਆ। ਉਸ ਦੇ ਪਿਤਾ ਦਵਿੰਦਰ ਸਿੰਘ ਗਰਚਾ ਸਮਰਾਲਾ ਥਾਣਾ ਵਿਖੇ ਬਤੌਰ ਏ. ਐੱਸ. ਆਈ. ਤਾਇਨਾਤ ਹਨ। ਸੰਦੀਪ ਕੌਰ ਬੀ. ਟੈੱਕ. ਦੀ ਡਿਗਰੀ ਲੈਣ ਤੋਂ ਬਾਅਦ ਅਗਲੇਰੀ ਪੜ੍ਹਾਈ ਲਈ ਕੈਨੇਡਾ ਚਲੀ ਗਈ ਅਤੇ ਉੱਥੇ ਮਿਹਨਤ ਸਦਕਾ ਕੈਨੇਡਾ ਪੁਲਸ 'ਚ ਭਰਤੀ ਹੋ ਗਈ।ਇਹ ਪੂਰੇ ਪੰਜਾਬ ਵਾਸੀਆਂ ਲਈ ਬੜੇ ਹੀ ਮਾਣ ਵਾਲੀ ਗੱਲ ਹੈ। ਸੰਦੀਪ ਦੇ ਪਿਤਾ ਏ. ਐੱਸ. ਆਈ. ਦਵਿੰਦਰ ਸਿੰਘ ਗਰਚਾ ਜਦੋਂ ਕੈਨੇਡਾ ਤੋਂ ਵਾਪਸ ਆ ਕੇ ਆਪਣੀ ਡਿਊਟੀ 'ਤੇ ਥਾਣਾ ਸਮਰਾਲਾ ਵਿਖੇ ਪਹੁੰਚੇ ਤਾਂ ਡੀ. ਐੱਸ. ਪੀ. ਤਰਲੋਚਨ ਸਿੰਘ, ਐੱਸ. ਐੱਚ. ਓ. ਰਾਓ ਵਰਿੰਦਰ ਸਿੰਘ ਅਤੇ ਸਮੂਹ ਥਾਣਾ ਮੁਲਾਜ਼ਮਾਂ ਨੇ ਹਾਰ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ। ਦਵਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਮੇਰੇ ਤਿੰਨ ਬੱਚੇ ਹਨ ਅਤੇ ਤਿੰਨੇਂ ਹੀ ਕੈਨੇਡਾ 'ਚ ਰਹਿੰਦੇ ਹਨ। ਮੇਰੀ ਧੀ ਸੰਦੀਪ ਕੌਰ ਨੇ ਬੀ. ਟੈੱਕ. ਦੀ ਪੜ੍ਹਾਈ ਕਰਨ ਤੋਂ ਬਾਅਦ ਕੈਨੇਡਾ ਜਾ ਕੇ ਪੜ੍ਹਨ ਦਾ ਫ਼ੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਧੀ ਸੰਦੀਪ ਕੌਰ 2017 'ਚ ਕੈਨੇਡਾ ਗਈ ਅਤੇ ਉੱਥੇ ਜਾ ਕੇ ਉਸ ਨੇ ਕੈਨੇਡਾ ਪੁਲਸ 'ਚ ਭਰਤੀ ਹੋਣ ਲਈ ਆਪਣੀ ਪੜ੍ਹਾਈ ਪੂਰੀ ਕੀਤੀ।ਇਹ ਮੇਰੇ ਅਤੇ ਮੇਰੇ ਪਰਿਵਾਰ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮਾਂ-ਪਿਓ ਅੱਜ ਵੀ ਕੁੜੀਆਂ ਅਤੇ ਮੁੰਡਿਆਂ 'ਚ ਫ਼ਰਕ ਰੱਖਦੇ ਹਨ, ਉਨ੍ਹਾਂ ਲਈ ਮੇਰੀ ਧੀ ਇੱਕ ਮਿਸਾਲ ਹੈ ਅਤੇ ਮੈਂ ਉਨ੍ਹਾਂ ਮਾਪਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੁੜੀਆਂ ਵੀ ਤੁਹਾਡਾ ਨਾਂ ਰੌਸ਼ਨ ਕਰ ਸਕਦੀਆਂ ਹਨ ਅਤੇ ਆਪਣੀਆਂ ਬੱਚੀਆਂ ਨੂੰ ਵੱਧ ਤੋਂ ਵੱਧ ਪੜ੍ਹਾਓ। ਇਸ ਮੌਕੇ ਡੀ. ਐੱਸ. ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਸਾਡੇ ਥਾਣੇ ਦੇ ਏ. ਐੱਸ. ਆਈ. ਦਵਿੰਦਰ ਸਿੰਘ ਗਰਚਾ ਦੀ ਧੀ ਸੰਦੀਪ ਕੌਰ ਨੇ ਕੈਨੇਡਾ ਪੁਲਸ 'ਚ ਭਰਤੀ ਹੋ ਪੁਲਸ ਜ਼ਿਲ੍ਹਾ ਖੰਨਾ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਸਾਨੂੰ ਆਪਣੀ ਧੀ ਸੰਦੀਪ ਕੌਰ 'ਤੇ ਬਹੁਤ ਮਾਣ ਹੈ।

ਸੰਦੀਪ ਕੌਰ ਦੀ ਮਾਂ ਪਰਮਜੀਤ ਕੌਰ ਨੇ ਕਿਹਾ ਕਿ ਮੇਰੀ ਧੀ ਸ਼ੁਰੂ ਤੋਂ ਹੀ ਪੜ੍ਹਾਈ 'ਚ ਬਹੁਤ ਹੁਸ਼ਿਆਰ ਸੀ। ਉਸਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਿਹਾ ਕਿ ਉਹ ਵੀ ਆਪਣੇ ਭੈਣ-ਭਰਾ ਕੋਲ ਕੈਨੇਡਾ ਜਾ ਕੇ ਵੱਸਣਾ ਚਾਹੁੰਦੀ ਹੈ। ਅਸੀਂ ਉਸ ਨੂੰ ਹੋਰ ਪੜ੍ਹਨ ਲਈ ਕੈਨੇਡਾ ਭੇਜ ਦਿੱਤਾ, ਜਿੱਥੇ ਜਾ ਕੇ ਮੇਰੀ ਧੀ ਨੇ ਕੈਨੇਡਾ ਪੁਲਸ 'ਚ ਭਰਤੀ ਹੋ ਗਈ, ਜਿਸ 'ਤੇ ਸਾਨੂੰ ਸਾਰਿਆਂ ਨੂੰ ਬਹੁਤ ਮਾਣ ਹੈ।

## ਟਰੰਪ ਨੇ ਬਾਈਡੇਨ ਨੂੰ ਪਛਾੜਦੇ ਹੋਏ ਪ੍ਰਚਾਰ ਮੁਹਿੰਮ 'ਚ 33.1 ਕਰੋੜ ਡਾਲਰ ਜੁਟਾਏ




ਬੀਤੇ ਹਫ਼ਤੇ ਰਾਸ਼ਟਰਪਤੀ ਚੋਣਾਂ ਦਾ ਪਹਿਲੀ ਬਹਿਸ ਦੌਰਾਨ ਡੋਨਾਲਡ ਟਰੰਪ, ਜੋਅ ਬਾਈਡੇਨ 'ਤੇ ਭਾਰੀ ਪਏ ਸਨ। ਹੁਣ ਇਕ ਵਾਰ ਫਿਰ ਟਰੰਪ, ਬਾਈਡੇਨ 'ਤੇ ਭਾਰੀ ਪਏ ਹਨ। ਦਰਅਸਲ ਟਰੰਪ ਦੀ ਪ੍ਰਚਾਰ ਮੁਹਿੰਮ ਨੇ ਇਸ ਸਾਲ ਦੀ ਦੂਜੀ ਤਿਮਾਹੀ 'ਚ ਬਾਈਡੇਨ ਦੀ ਪ੍ਰਚਾਰ ਮੁਹਿੰਮ ਦੀ ਤੁਲਨਾ 'ਚ 6.7 ਕਰੋੜ ਡਾਲਰ ਜ਼ਿਆਦਾ ਜੁਟਾਏ ਹਨ। ਟਰੰਪ ਦੀ ਪ੍ਰਚਾਰ ਮੁਹਿੰਮ ਨੇ ਦੂਜੀ ਤਿਮਾਹੀ 'ਚ 33.1 ਕਰੋੜ ਡਾਲਰ ਜੁਟਾਏ ਹਨ। ਉੱਥੇ ਹੀ ਇਸ ਦੌਰਾਨ ਬਾਈਡੇਨ ਦੀ ਪ੍ਰਚਾਰ ਟੀਮ ਸਿਰਫ਼ 26.4 ਕਰੋੜ ਡਾਲਰ ਹੀ ਜੁਟਾ ਸਕੀ ਹੈ।

ਅਮਰੀਕਾ 'ਚ ਆਉਣ ਵਾਲੀ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਵਲੋਂ ਡੋਨਾਲਡ ਟਰੰਪ ਅਤੇ ਡੈਮੋਕ੍ਰੇਟ ਪਾਰਟੀ ਵਲੋਂ ਜੋਅ ਬਾਈਡੇਨ ਸੰਭਾਵਿਤ ਉਮੀਦਵਾਰ ਹਨ। ਜਲਦ ਹੀ ਦੋਵੇਂ ਪਾਰਟੀਆਂ ਦੇ ਸੰਮੇਲਨ 'ਚ ਟਰੰਪ ਅਤੇ ਬਾਈਡੇਨ ਦੇ ਨਾਂ 'ਤੇ ਆਖ਼ਰੀ ਮੋਹਰ ਲੱਗ ਸਕਦੀ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਟਲਾਂਟਾ 'ਚ ਹੋਈ ਪਹਿਲੀ ਬਹਿਸ ਦਾ ਅਸਰ ਪੈਸੇ ਜੁਟਾਉਣ ਦੀ ਮੁਹਿੰਮ 'ਤੇ ਪਿਆ ਹੈ, ਕਿਉਂਕਿ ਬਹਿਸ ਤੋਂ ਬਾਅਦ ਟਰੰਪ ਦੀ ਟੀਮ ਨੇ 12.7 ਕਰੋੜ ਡਾਲਰ ਜੁਟਾਏ ਹਨ, ਉੱਥੇ ਹੀ ਬਾਈਡੇਨ ਦੀ ਪ੍ਰਚਾਰ ਟੀਮ ਸਿਰਫ਼ 3.8 ਕਰੋੜ ਡਾਲਰ ਹੀ ਜੁਟਾ ਸਕੀ ਹੈ।

## ਚੀਨ ਨੇ ਤਾਈਵਾਨੀ ਕਿਸ਼ਤੀ ਚਾਲਕਾਂ ਤੇ ਕਾਰਵਾਈ ਸਬੰਧੀ ਦਿੱਤੀ ਚੇਤਾਵਨੀ



ਚੀਨ ਨੇ ਤਾਈਵਾਨ ਦੇ ਤੱਟ ਰੱਖਿਅਕਾਂ ਨੂੰ ਚੀਨੀ ਤੱਟ ਨੇੜੇ ਮੱਛੀ ਫੜਨ ਵਾਲੀ ਤਾਈਵਾਨੀ ਕਿਸ਼ਤੀ ਨੂੰ ਜ਼ਬਤ ਕਰਨ ਅਤੇ ਉਸ ਦੇ ਚਾਲਕ ਦਲ ਨੂੰ ਹਿਰਾਸਤ ਵਿੱਚ ਲੈਣ ਵਿੱਚ ਦਖਲ ਨਾ ਦੇਣ ਦੀ ਚਿਤਾਵਨੀ ਦਿੱਤੀ ਹੈ। ਇਸ ਨੂੰ ਚੀਨ ਵੱਲੋਂ ਤਾਈਵਾਨ ਦੇ ਖੇਤਰ 'ਤੇ ਘੇਰਾਬੰਦੀ ਕਰਨ ਦੀਆਂ ਵਧਦੀਆਂ ਕੋਸ਼ਿਸ਼ਾਂ ਵਜੋਂ ਦੇਖਿਆ ਜਾ ਰਿਹਾ ਹੈ। ਤਾਈਵਾਨ ਦੇ ਤੱਟ ਰੱਖਿਅਕਾਂ ਨੇ ਕਿਸ਼ਤੀ ਅਤੇ ਇਸ ਦੇ ਚਾਲਕ ਦਲ ਦੇ ਮੈਂਬਰਾਂ ਦੀ ਰਿਹਾਈ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਮੰਗਲਵਾਰ ਰਾਤ ਚੀਨੀ ਤੱਟ ਤੋਂ ਤਾਈਵਾਨ-ਨਿਯੰਤਰਿਤ ਕਿਨਮੇਨ ਟਾਪੂ ਦੇ ਪਾਣੀਆਂ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ।

## ਇਜ਼ਰਾਇਲੀ ਹਵਾਈ ਹਮਲੇ 'ਚ ਮਾਰੇ ਗਏ 4 ਫਲਸਤੀਨੀ



ਉੱਤਰੀ ਵੈਸਟ ਬੈਂਕ ਦੇ ਤੁਲਕਰਮ ਸ਼ਹਿਰ 'ਚ ਨੂਰ ਸ਼ਮਸ ਸ਼ਰਨਾਰਥੀ ਕੰਪਲੈਕਸ 'ਤੇ ਮੰਗਲਵਾਰ ਨੂੰ ਇਜ਼ਰਾਇਲੀ ਹਵਾਈ ਹਮਲੇ 'ਚ ਚਾਰ ਫਲਸਤੀਨੀ ਮਾਰੇ ਗਏ। ਫਲਸਤੀਨੀ ਅਤੇ ਇਜ਼ਰਾਇਲੀ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਫਲਸਤੀਨੀ ਸੁਰੱਖਿਆ ਸੂਤਰਾਂ ਨੇ 'ਸ਼ਿਨਹੁਆ' ਨੂੰ ਦੱਸਿਆ ਕਿ ਇਕ ਇਜ਼ਰਾਇਲੀ ਟੋਹੀ ਜਹਾਜ਼ ਨੇ ਨੂਰ ਸ਼ਮਸ ਸ਼ਰਨਾਰਥੀ ਕੰਪਲੈਕਸ ਦੇ ਮੁੱਖ ਚੌਰਾਹੇ 'ਤੇ ਨੌਜਵਾਨਾਂ ਦੇ ਇਕ ਸਮੂਹ ਨੂੰ ਮਿਜ਼ਾਈਲ ਨਾਲ ਨਿਸ਼ਾਨਾ ਬਣਾਇਆ। ਰਾਮੱਲਾ ਸਥਿਤ ਫਲਸਤੀਨੀ ਸਿਹਤ ਮੰਤਰਾਲਾ ਨੇ 'ਸ਼ਿਨਹੁਆ' ਭੇਜੇ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਹਵਾਈ ਹਮਲੇ 'ਚ ਚਾਰ ਨੌਜਵਾਨ ਮਾਰੇ ਗਏ।

ਇਜ਼ਰਾਇਲੀ ਫ਼ੌਜ ਨੇ ਇਕ ਬਿਆਨ 'ਚ ਪੁਸ਼ਟੀ ਕੀਤੀ ਕਿ ਉਸ ਨੇ ਨੂਰ ਸ਼ਮਸ ਕੰਪਲੈਕਸ 'ਚ ਹਮਲਾ ਕੀਤਾ ਅਤੇ ਦਾਅਵਾ ਕੀਤਾ ਕਿ ਉਸ ਨੇ 'ਇਕ ਸੈੱਲ' ਨੂੰ ਨਿਸ਼ਾਨਾ ਬਣਾਇਆ, ਜਦੋਂ ਉਹ ਇਕ ਵਿਸਫ਼ੋਟਕ ਉਪਕਰਣ ਰੱਖ ਰਿਹਾ ਸੀ। ਤੁਲਕਰਮ ਦੇ ਗਵਰਨਰ ਮੁਸਤਫਾ ਤਾਕਾਤਾਕਾ ਨੇ ਇਸ ਦੀ ਨਿੰਦਾ ਕਰਦੇ ਹੋਏ ਇਸ ਨੂੰ 'ਤੁਲਕਾਰਮ ਅਤੇ ਵੈਸਟ ਬੈਂਕ 'ਚ ਨਾਗਰਿਕਾਂ ਖ਼ਿਲਾਫ਼ ਵਧਦੇ ਹਮਲੇ ਅਤੇ ਚੱਲ ਰਹੇ ਇਜ਼ਰਾਇਲੀ ਅਪਰਾਧਾਂ ਵਜੋਂ ਵਰਣਿਤ ਕੀਤਾ। ਫਲਸਤੀਨੀ ਅਤੇ ਇਜ਼ਰਾਇਲੀ ਸੂਤਰਾਂ ਅਨੁਸਾਰ, ਇਹ ਘਟਨਾ ਐਤਵਾਰ ਨੂੰ ਨੂਰ ਸ਼ਮਸ ਕੰਪਲੈਕਸ 'ਚ ਇਕ ਘਰ 'ਤੇ ਇਜ਼ਰਾਇਲੀ ਹਵਾਈ ਹਮਲੇ 'ਚ ਇਕ ਫਲਸਤੀਨੀ ਦੇ ਕਤਲ ਅਤੇ ਪੰਜ ਹੋਰ ਦੇ ਜ਼ਖ਼ਮੀ ਹੋਣ ਤੋਂ ਬਾਅਦ ਹੋਈ ਹੈ। ਫਲਸਤੀਨੀ ਸਿਹਤ ਮੰਤਰਾਲਾ ਅਨੁਸਾਰ, ਪਿਛਲੇ ਅਕਤੂਬਰ 'ਚ ਗਾਜ਼ਾ ਪੱਟੀ 'ਚ ਇਜ਼ਰਾਇਲੀ-ਫਲਸਤੀਨੀ ਸੰਘਰਸ਼ ਸ਼ੁਰੂ ਹੋਣ ਦੇ ਬਾਅਦ ਤੋਂ ਵੈਸਟ ਬੈਂਕ ਅਤੇ ਪੂਰਬੀ ਯੇਰੂਸ਼ਲਮ 'ਚ ਇਜ਼ਰਾਇਲ ਵਲੋਂ 550 ਤੋਂ ਵੱਧ ਫਲਸਤੀਨੀਆਂ ਨੂੰ ਮਾਰ ਦਿੱਤਾ ਗਿਆ ਹੈ।

## ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਜ਼ਾਖਸਤਾਨ ਦੇ ਉੱਪ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ



ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਮੰਗਲਵਾਰ ਨੂੰ ਇੱਥੇ ਕਜ਼ਾਖਸਤਾਨ ਦੇ ਉੱਪ ਪ੍ਰਧਾਨ ਮੰਤਰੀ ਮੂਰਤ ਨੂਰਤਲੇਉ ਨਾਲ ਮੁਲਾਕਾਤ ਕੀਤੀ ਅਤੇ ਰਣਨੀਤਕ ਸਾਂਝੇਦਾਰੀ ਦੇ ਵਿਸਥਾਰ ਅਤੇ ਵੱਖ-ਵੱਖ ਫਾਰਮੈਟਾਂ 'ਚ ਮੱਧ ਏਸ਼ੀਆ ਨਾਲ ਭਾਰਤ ਦੀ ਵਧਦੀ ਹਿੱਸੇਦਾਰੀ 'ਤੇ ਚਰਚਾ ਕੀਤੀ। ਜੈਸ਼ੰਕਰ ਚਾਰ ਜੁਲਾਈ ਨੂੰ ਇੱਥੇ ਹੋਣ ਵਾਲੀ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸਾਲਾਨਾ ਸਿਖਰ ਸੰਮੇਲਨ 'ਚ ਭਾਰਤ ਦਾ ਪ੍ਰਤੀਨਿਧੀਤੱਵ ਕਰਨ ਲਈ ਪਹੁੰਚੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਿਖਰ ਸੰਮੇਲਨ 'ਚ ਸ਼ਾਮਲ ਨਹੀਂ ਹੋਣ ਦਾ ਫ਼ੈਸਲਾ ਕੀਤਾ ਸੀ, ਜਿਸ ਤੋਂ ਬਾਅਦ ਜੈਸ਼ੰਕਰ ਹਿੱਸਾ ਲੈਣ ਪਹੁੰਚੇ ਹਨ। ਜੈਸ਼ੰਕਰ ਨੇ ਨੂਰਤਲੇਉ ਨਾਲ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਆਦਾਨ-ਪ੍ਰਦਾਨ ਕੀਤਾ। ਨੂਰਤਲੇਉ ਵਿਦੇਸ਼ ਮੰਤਰੀ ਦਾ ਚਾਰਜ ਵੀ ਸੰਭਾਲ ਰਹੇ ਹਨ। ਜੈਸ਼ੰਕਰ ਨੇ 'ਐਕਸ' 'ਤੇ ਕਿਹਾ,''ਅੱਜ (ਮੰਗਲਵਾਰ) ਅਸਤਾਨਾ 'ਚ ਕਜ਼ਾਖਸਤਾਨ ਦੇ ਉੱਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮੂਰਤ ਨੂਰਤਲੇਉ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ।'' 'ਐੱਸ.ਸੀ.ਓ. ਕਾਊਂਸਿਲ ਆਫ਼ ਹੇਡਸ ਆਫ਼ ਸਟੇਟ ਸਮਿਟ' 'ਚ ਸੱਦ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।''

## ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਜ਼ਾਖਸਤਾਨ ਦੇ ਉੱਪ ਪ੍ਰਧਾਨ ਮੰਤਰੀ ਨਾਲ ਕੀਤੀ ਮੁਲਾਕਾਤ



ਨਿਊਯਾਰਕ ਵਿਚ 18 ਅਗਸਤ ਨੂੰ 'ਭਾਰਤ ਦਿਵਸ' ਮੌਕੇ ਹੋਣ ਵਾਲੀ ਪਰੇਡ ਵਿਚ ਰਾਮ ਮੰਦਰ ਦੀ ਪ੍ਰਤੀਕ੍ਰਿਤੀ ਪ੍ਰਦਰਸ਼ਿਤ ਕੀਤੀ ਜਾਵੇਗੀ। ਨਿਊਯਾਰਕ ਅਤੇ ਇਸ ਦੇ ਆਸ-ਪਾਸ ਦੇ ਹਜ਼ਾਰਾਂ ਭਾਰਤੀ ਅਮਰੀਕੀ ਇਸ ਸਮਾਗਮ ਵਿੱਚ ਹਿੱਸਾ ਲੈਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਅਮਰੀਕਾ (ਵੀ.ਐਚ.ਪੀ) ਦੇ ਜਨਰਲ ਸਕੱਤਰ ਅਮਿਤਾਭ ਮਿੱਤਲ ਅਨੁਸਾਰ ਮੰਦਰ ਦੀ ਪ੍ਰਤੀਰੂਪ 18 ਫੁੱਟ ਲੰਬੀ, ਨੌਂ ਫੁੱਟ ਚੌੜੀ ਅਤੇ ਅੱਠ ਫੁੱਟ ਉੱਚੀ ਹੋਵੇਗੀ। ਇਹ ਪਹਿਲੀ ਵਾਰ ਹੋਵੇਗਾ ਜਦੋਂ ਅਮਰੀਕਾ ਵਿੱਚ ਰਾਮ ਮੰਦਰ ਦੀ ਪ੍ਰਤੀਕ੍ਰਿਤੀ ਪ੍ਰਦਰਸ਼ਿਤ ਕੀਤੀ ਜਾਵੇਗੀ। ਨਿਊਯਾਰਕ ਵਿਚ ਹਰ ਸਾਲ 'ਭਾਰਤ ਦਿਵਸ' 'ਤੇ ਹੋਣ ਵਾਲੀ ਇਹ ਪਰੇਡ ਆਜ਼ਾਦੀ ਦਿਵਸ ਦੇ ਮੌਕੇ 'ਤੇ ਭਾਰਤ ਤੋਂ ਬਾਹਰ ਸਭ ਤੋਂ ਵੱਡਾ ਸਮਾਗਮ ਹੈ। ਇਹ ਪਰੇਡ ਹਰ ਸਾਲ 'ਈਸਟ 38ਵੀਂ ਸਟ੍ਰੀਟ' ਤੋਂ 'ਈਸਟ 27ਵੀਂ ਸਟ੍ਰੀਟ' ਤੱਕ ਮਿਡਟਾਊਨ ਨਿਊਯਾਰਕ ਵਿੱਚ ਹੁੰਦੀ ਹੈ, ਜਿਸ ਨੂੰ 1,50,000 ਤੋਂ ਵੱਧ ਲੋਕ ਦੇਖਣ ਆਉਂਦੇ ਹਨ। 'ਫ਼ੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨਜ਼' (ਐਫ.ਆਈ.ਏ) ਦੁਆਰਾ ਆਯੋਜਿਤ ਇਸ ਪਰੇਡ ਵਿੱਚ ਨਿਊਯਾਰਕ ਦੀਆਂ ਸੜਕਾਂ 'ਤੇ ਵੱਖ-ਵੱਖ ਭਾਰਤੀ-ਅਮਰੀਕੀ ਭਾਈਚਾਰਿਆਂ ਅਤੇ ਉਨ੍ਹਾਂ ਦੇ ਸੱਭਿਆਚਾਰ ਦੀ ਵਿਭਿੰਨਤਾ ਨੂੰ ਦਰਸਾਉਂਦੀਆਂ ਬਹੁਤ ਸਾਰੀਆਂ ਝਾਕੀਆਂ ਦਿਖਾਈਆਂ ਜਾਣਗੀਆਂ। ਵੀ.ਐਚ.ਪੀ-ਅਮਰੀਕਾ ਨੇ ਹਾਲ ਹੀ ਵਿੱਚ ਰਾਮ ਮੰਦਰ ਰੱਥ ਯਾਤਰਾ ਦਾ ਆਯੋਜਨ ਕੀਤਾ ਸੀ ਜਿਸ ਵਿੱਚ 60 ਦਿਨਾਂ ਵਿੱਚ 48 ਰਾਜਾਂ ਦੇ 851 ਮੰਦਰਾਂ ਨੂੰ ਕਵਰ ਕੀਤਾ ਗਿਆ ਸੀ।

## ਸੁਪਰੀਮ ਕੋਰਟ ਵਲੋਂ ਟਰੰਪ ਨੂੰ ਰਾਹਤ ਮਿਲਣ 'ਤੇ ਬਾਈਡੇਨ ਹੋਏ ਨਾਰਾਜ਼




ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੁਪਰੀਮ ਕੋਰਟ ਵਲੋਂ ਮਿਲੀ ਰਾਹਤ 'ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ। ਬਾਈਡੇਨ ਨੇ ਚਿਤਾਵਨੀ ਦਿੱਤੀ ਹੈ ਕਿ ਸੁਪਰੀਮ ਕੋਰਟ ਨੇ ਖ਼ਤਰਨਾਕ ਮਿਸਾਲ ਕਾਇਮ ਕੀਤੀ ਹੈ। ਬਾਈਡੇਨ ਨੇ ਇਹ ਵੀ ਕਿਹਾ ਕਿ ਜੇਕਰ ਨਵੰਬਰ ਦੀਆਂ ਚੋਣਾਂ 'ਚ ਡੋਨਾਲਡ ਟਰੰਪ ਰਾਸ਼ਟਰਪਤੀ ਚੁਣੇ ਗਏ ਤਾਂ ਉਹ ਇਸ ਦਾ ਗਲਤ ਇਸਤੇਮਾਲ ਕਰ ਸਕਦੇ ਹਨ। ਵ੍ਹਾਈਟ ਹਾਊਸ 'ਚ ਆਪਣੇ ਇਕ ਸੰਬੋਧਨ ਦੌਰਾਨ ਜੋਅ ਬਾਈਡੇਨ ਨੇ ਕਿਹਾ ਕਿ ਸਾਰੇ ਵਿਵਹਾਰਿਕ ਉਦੇਸ਼ਾਂ ਦੇ ਲਿਹਾਜ ਨਾਲ ਇਸ ਫ਼ੈਸਲੇ ਦਾ ਮਤਲਬ ਇਹ ਹੈ ਕਿ ਹੁਣ ਰਾਸ਼ਟਰਪਤੀ ਕੁਝ ਵੀ ਕਰ ਸਕਦਾ ਹੈ। ਮੌਲਿਕ ਤੌਰ 'ਤੇ ਇਹ ਨਵਾਂ ਸਿਧਾਂਤ ਇਕ ਖ਼ਤਰਨਾਕ ਮਿਸਾਲ ਹੈ। ਹੁਣ ਅਮਰੀਕੀ ਲੋਕਾਂ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਕੀ ਉਹ ਇਕ ਵਾਰ ਫਿਰ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਬਣਾਉਣਾ ਚਾਹੁੰਦੇ ਹਨ, ਕਿਉਂਕਿ ਹੁਣ ਉਹ (ਟਰੰਪ) ਜਾਣਦੇ ਹਨ ਉਹ ਜੋ ਵੀ ਕਰਨਾ ਚਾਹੁਣਗੇ, ਉਸ ਨੂੰ ਕਰਨ ਲਈ ਹੋਰ ਸਾਹਸੀ ਹੋ ਜਾਣਗੇ।''ਦੱਸਣਯੋਗ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਟਰੰਪ ਦੇ ਰਾਸ਼ਟਰਪਤੀ ਰਹਿੰਦੇ ਹੋਏ ਸਾਲ 2020 'ਚ ਚੋਣ ਨਤੀਜੇ ਪਲਟਣ ਦੇ ਮਾਮਲੇ ਨੂੰ ਵਾਪਸ ਟ੍ਰਾਇਲ ਕੋਰਟ ਨੂੰ ਭੇਜ ਦਿੱਤਾ ਹੈ। ਨਾਲ ਹੀ ਸੁਪਰੀਮ ਕੋਰਟ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀਆਂ ਨੂੰ ਕੁਝ ਹੱਦ ਤੱਕ ਕਾਨੂੰਨੀ ਕਾਰਵਾਈ ਤੋਂ ਛੋਟ ਰਹਿੰਦੀ ਹੈ। ਅਜਿਹੇ 'ਚ ਸਾਬਕਾ ਰਾਸ਼ਟਰਪਤੀ ਟਰੰਪ ਖ਼ਿਲਾਫ਼ ਨਵੰਬਰ ਤੋਂ ਪਹਿਲੇ ਸੁਣਵਾਈ ਹੋਣ ਦੀ ਸੰਭਾਵਨਾ ਖ਼ਤਮ ਹੋ ਗਈ ਹੈ। ਜਿਸ ਨਾਲ ਟਰੰਪ ਦੇ ਰਾਸ਼ਟਰਪਤੀ ਬਣਨ ਦੀ ਰੁਕਾਵਟ ਵੀ ਦੂਰ ਹੋ ਗਈ ਹੈ।

# ਸਭ ਤੋਂ ਮਸ਼ਹੂਰ ਭਗਵਾਨ ਵਿਸ਼ਨੂੰ ਮੰਦਰ



ਇਹ ਬਿਨਾਂ ਸ਼ੱਕ ਬਦਰੀ ਦੇ ਰੂਪ ਵਿੱਚ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਸਭ ਤੋਂ ਪ੍ਰਮੁੱਖ ਅਤੇ ਮਹੱਤਵਪੂਰਨ ਮੰਦਰਾਂ ਵਿੱਚੋਂ ਇੱਕ ਹੈ। ਹਰ ਸਾਲ ਮੰਦਿਰ ਦੁਨੀਆ ਭਰ ਤੋਂ ਸ਼ਰਧਾਲੂਆਂ ਦੀ ਇੱਕ ਵੱਡੀ ਪੈਦਲ ਦੇਖਣ ਨੂੰ ਮਿਲਦਾ ਹੈ, ਇਸ ਦੇ ਸੀਜ਼ਨ ਦੇ ਦੌਰਾਨ 6 ਮਹੀਨਿਆਂ ਦੀ ਸੀਮਤ ਮਿਆਦ ਲਈ, ਆਪਣੇ ਆਪ ਨੂੰ ਕੁਝ ਅਧਿਆਤਮਿਕ ਗਿਆਨ ਵਿੱਚ ਡੁੱਬਣ ਅਤੇ ਅਲਕਨੰਦਾ ਦੀ ਪਵਿੱਤਰ ਨਦੀ ਵਿੱਚ ਡੁਬਕੀ ਲਗਾ ਕੇ ਆਪਣਾ ਮੋਕਸ਼ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਨੂੰ ਲੰਘਣਾ.

156 ਏਕੜ ਦੇ ਖੇਤਰ ਵਿੱਚ ਬਣਿਆ, ਸ਼੍ਰੀਰੰਗਮ ਕਸਬੇ ਵਿੱਚ ਸਥਿਤ ਹੈ ਅਤੇ ਇਸਦੀ ਸ਼ਾਨਦਾਰ ਇਮਾਰਤਸਾਜ਼ੀ ਦੀ ਨੁਮਾਇੰਦਗੀ ਲਈ ਪ੍ਰਸਿੱਧ ਹੈ, ਇਸ ਮੰਦਰ ਵਿੱਚ ਭਾਰਤ ਦਾ ਸਭ ਤੋਂ ਵੱਡਾ ਮੰਦਰ ਹੈ ਅਤੇ ਦੁਨੀਆ ਵਿੱਚ ਸਭ ਤੋਂ ਵੱਡਾ ਮੰਦਰ ਹੈ। ਸਾਲ 1987 ਵਿੱਚ ਸੰਪੂਰਨ ਹੋਈ ਦੇਵਤੇ ਦੀ ਮੂਰਤੀ ਭਗਵਾਨ ਵਿਸ਼ਨੂੰ ਦੇ ਝੁਕੇ ਹੋਏ ਰੂਪ ਵਿੱਚ ਹੈ। ਵਿਸ਼ਨੂੰਜੀ ਦੇ 108 ਦਿਵਿਆ ਦੇਸ਼ਮ ਦਾ ਇੱਕ ਹਿੱਸਾ ਅਤੇ ਮੁੱਖ ਤੌਰ 'ਤੇ ਦ੍ਰਾਵਿੜ ਆਰਕੀਟੈਕਚਰ ਦੀ ਵਰਤੋਂ ਕਰਕੇ ਬਣਾਇਆ ਗਿਆ। ਇਸ ਮੰਦਿਰ ਦੀਆਂ ਕੰਧਾਂ ਨੂੰ ਮਿਥਿਹਾਸਕ ਘਟਨਾਵਾਂ, ਪੁਰਾਣੀ ਕਲਾਕਾਰੀ ਅਤੇ ਨਾਜ਼ੁਕ ਉੱਕਰੀਆਂ ਦੀਆਂ ਰੰਗੀਨ ਪ੍ਰਤੀਨਿਧਤਾਵਾਂ ਨੂੰ ਸਾਫ਼-ਸੁਥਰੇ ਢੰਗ ਨਾਲ ਸਜਾਇਆ ਗਿਆ ਹੈ। ਭਗਵਾਨ ਵਿਸ਼ਨੂੰ ਤੋਂ ਇਲਾਵਾ ਹੋਰ ਦੇਵੀ-ਦੇਵਤਿਆਂ ਨੂੰ ਸਮਰਪਿਤ 50 ਤੋਂ ਵੱਧ ਅਸਥਾਨਾਂ ਦੇ ਨਾਲ, ਮੰਦਰ ਦੀ ਉਸਾਰੀ ਦੀ ਤਾਰੀਖ ਸੰਗਮ ਯੁੱਗ ਤੋਂ ਲੱਭੀ ਜਾ ਸਕਦੀ ਹੈ, ਯਾਨੀ. 10ਵੀਂ ਸਦੀ ਜੋ ਇਸਨੂੰ ਹੋਰ ਵੀ ਦਿਲਚਸਪ ਅਤੇ ਇਤਿਹਾਸ ਵਿੱਚ ਢਾਲਦੀ ਹੈ।








ਚਮਕਦਾਰ ਸੁਨਹਿਰੀ ਬਾਹਰੀ ਪਰਤ ਦੇ ਨਾਲ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਮੰਦਰਾਂ ਵਿੱਚੋਂ ਇੱਕ ਹੋਣ ਲਈ ਮਸ਼ਹੂਰ ਇਹ ਭਾਰਤ ਦੇ ਸਭ ਤੋਂ ਮਹੱਤਵਪੂਰਨ ਵਿਸ਼ਨੂੰ ਮੰਦਰਾਂ ਵਿੱਚੋਂ ਇੱਕ ਹੈ। ਉੱਚੇ ਉੱਚੇ ਗੋਪੁਰਮ ਦੀ ਵਿਸ਼ੇਸ਼ਤਾ ਅਤੇ ਤਾਮਿਲ ਅਤੇ ਕੇਰਲਾ ਸ਼ੈਲੀ ਦੇ ਆਰਕੀਟੈਕਚਰ ਦੇ ਕਲਾਤਮਕ ਪ੍ਰਭਾਵ ਨੂੰ ਦਰਸਾਉਂਦੇ ਹੋਏ ਮੰਦਰ ਨੇ ਹਮੇਸ਼ਾ ਹਿੰਦੂ ਸ਼ਰਧਾਲੂਆਂ ਅਤੇ ਵੈਸ਼ਨਵੀਆਂ ਦਾ ਧਿਆਨ ਖਿੱਚਿਆ ਹੈ। ਹਾਲ ਹੀ ਵਿੱਚ ਮੰਦਰ ਨੂੰ ਖਬਰਾਂ ਵਿੱਚ ਲਿਆਂਦਾ ਗਿਆ ਸੀ ਕਿਉਂਕਿ ਇਸਦੇ ਗੁਪਤ ਭੂਮੀਗਤ ਚੈਂਬਰ ਖੋਲ੍ਹੇ ਗਏ ਸਨ ਜਿਸ ਵਿੱਚ ਖਰਬ ਡਾਲਰ ਦੇ ਸੋਨੇ ਦੇ ਸਿੱਕੇ, ਮੂਰਤੀਆਂ, ਸਿੰਘਾਸਣਾਂ ਆਦਿ ਸਨ। ਤੀਜਾ ਵਾਲਟ (ਬੀ) ਅਜੇ ਵੀ ਇੱਕ ਰਹੱਸ ਬਣਿਆ ਹੋਇਆ ਹੈ ਕਿਉਂਕਿ ਉੱਥੇ ਦੇ ਮੁੱਖ ਪੁਜਾਰੀਆਂ ਨੇ ਫੈਸਲਾ ਕੀਤਾ ਹੈ ਕਿ ਅਜਿਹਾ ਕਰਨ ਵਾਲੇ ਲੋਕਾਂ ਲਈ ਇਹ ਇੱਕ ਵਿਨਾਸ਼ਕਾਰੀ ਸ਼ਗਨ ਹੋਵੇਗਾ। ਭਾਵੇਂ ਤੁਸੀਂ ਧਾਰਮਿਕ ਵਿਅਕਤੀ ਨਹੀਂ ਹੋ ਤਾਂ ਤੁਸੀਂ ਇਸ ਦੇ ਇਤਿਹਾਸਕ, ਮਿਥਿਹਾਸਕ ਅਤੇ ਰਹੱਸਮਈ ਮਹੱਤਵ ਲਈ ਉੱਥੇ ਜਾ ਸਕਦੇ ਹੋ।

8ਵੀਂ ਸਦੀ ਦੇ ਮਹਾਨ ਰਿਸ਼ੀ ਆਦਿ ਸ਼ੰਕਰਾਚਾਰੀਆ ਜਗਨਨਾਥ ਮੰਦਿਰ ਦੁਆਰਾ ਪੁਰੀ ਵਿੱਚ ਸਥਾਪਿਤ ਕੀਤੀ ਗਈ ਭਾਰਤ ਦੀ ਚਾਰਧਾਮ ਯਾਤਰਾ ਲਈ ਪ੍ਰਮੁੱਖ ਥੰਮ੍ਹਾਂ ਵਿੱਚੋਂ ਇੱਕ ਹੋਣ ਦੇ ਨਾਲ-ਨਾਲ ਪੂਰੇ ਭਾਰਤ ਵਿੱਚ ਆਪਣੀ ਪਰੰਪਰਾਗਤ ਰਥ ਯਾਤਰਾ ਲਈ ਮਸ਼ਹੂਰ, ਸਭ ਤੋਂ ਅਵਿਸ਼ਵਾਸ਼ਯੋਗ ਅਧਿਆਤਮਿਕ ਘਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵਿਸ਼ਨੂੰ ਜੀ ਨੂੰ। ਮੰਦਿਰ ਨੂੰ ਗੁੰਝਲਦਾਰ ਢੰਗ ਨਾਲ ਬਣਾਏ ਰਥਾਂ ਦੇ ਰੂਪ ਵਿੱਚ ਬਣਾਇਆ ਗਿਆ ਹੈ ਜੋ ਕਿ ਕਲਾ ਦਾ ਇੱਕ ਮਹਾਨ ਕੰਮ ਹੈ ਅਤੇ ਉਸ ਸਮੇਂ ਦੇ ਆਰਕੀਟੈਕਚਰਲ ਚਮਕ ਦੇ ਪੱਧਰ ਨੂੰ ਦਰਸਾਉਂਦਾ ਹੈ। ਇਹ ਮੰਦਿਰ ਸਮੁੰਦਰ ਦੇ ਬਿਲਕੁਲ ਨੇੜੇ ਸਥਿਤ ਆਪਣੇ ਸਥਾਨ ਤੋਂ ਬਹੁਤ ਜ਼ਿਆਦਾ ਸ਼ਰਧਾ ਅਤੇ ਸਕਾਰਾਤਮਕਤਾ ਦਾ ਪ੍ਰਕਾਸ਼ ਕਰਦਾ ਹੈ ਜੋ ਅਧਿਆਤਮਵਾਦ ਦੀ ਕੁਦਰਤੀ ਆਭਾ ਪੈਦਾ ਕਰਦਾ ਹੈ। ਇੱਥੋਂ ਦੇ ਲੋਕ ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਕੋਈ ਵੀ ਪ੍ਰਧਾਨ ਦੇਵਤੇ ਦੀ ਮੂਰਤੀ ਨੂੰ ਆਹਮੋ-ਸਾਹਮਣੇ ਵੇਖਦਾ ਹੈ ਤਾਂ ਉਨ੍ਹਾਂ ਨੂੰ ਮੋਕਸ਼ ਪ੍ਰਾਪਤ ਮੰਨਿਆ ਜਾਂਦਾ ਹੈ।





ਕ੍ਰਿਸ਼ਨ ਜੀ ਨੂੰ ਸਮਰਪਿਤ ਜਿੱਥੇ ਉਹ 'ਦਵਾਰਕਾ ਦੇ ਰਾਜਾ' ਵਜੋਂ ਪੂਜਦੇ ਹਨ, ਇਹ ਮੰਦਰ ਭਾਰਤ ਦੇ ਸਭ ਤੋਂ ਪ੍ਰਮੁੱਖ ਮੰਦਰਾਂ ਵਿੱਚੋਂ ਇੱਕ ਹੈ ਅਤੇ ਇਸਨੂੰ ਜਗਤ ਮੰਦਰ ਵਜੋਂ ਵੀ ਜਾਣਿਆ ਜਾਂਦਾ ਹੈ। ਮੰਦਰ ਦੇ ਪੁਰਾਤੱਤਵ ਅਧਿਐਨਾਂ ਦੇ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਇਹ ਲਗਭਗ 2,200 ਸਾਲ ਪਹਿਲਾਂ ਦਾ ਹੈ ਅਤੇ ਇਹ ਆਰਕੀਟੈਕਚਰ ਦੇ ਸਭ ਤੋਂ ਅਦੁੱਤੀ ਕੰਮਾਂ ਵਿੱਚੋਂ ਇੱਕ ਹੈ ਅਤੇ ਇਸ ਮੰਦਰ ਦੀ ਸ਼ਾਨ ਕਿਤੇ ਵੀ ਬੇਮਿਸਾਲ ਹੈ। ਇਹ ਨਾ ਸਿਰਫ਼ ਇੱਕ ਮਹੱਤਵਪੂਰਨ ਦਿਵਯਦੇਸਮ ਹੈ, ਸਗੋਂ ਇਹ ਭਾਰਤ ਦੀ ਚਾਰਧਾਮ ਯਾਤਰਾ ਦਾ ਇੱਕ ਮਹੱਤਵਪੂਰਨ ਹਿੱਸਾ ਵੀ ਹੈ। ਕ੍ਰਿਸ਼ਨਾਜੀ ਦੇ ਪੋਤੇ ਦੁਆਰਾ ਬਣਾਇਆ ਗਿਆ ਮੰਨਿਆ ਜਾਂਦਾ ਹੈ ਕਿ ਇਹ ਪਵਿੱਤਰ ਤੀਰਥ ਸਥਾਨ ਭਾਰਤ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਮੰਦਰਾਂ ਵਿੱਚੋਂ ਇੱਕ ਹੈ। ਇੱਕ ਪਾਸੇ ਤੇਜ ਸਮੁੰਦਰ ਅਤੇ ਦੂਜੇ ਪਾਸੇ ਦਵਾਰਕਾ ਕਸਬੇ ਦੇ ਵਿਚਕਾਰ ਸਥਿਤ, ਇਸ ਮੰਦਿਰ ਦੀਆਂ ਕੰਧਾਂ ਨੂੰ ਸ਼ਾਨਦਾਰ ਢੰਗ ਨਾਲ ਉੱਕਰਿਆ ਗਿਆ ਹੈ ਅਤੇ ਸੰਪੂਰਨਤਾ ਲਈ ਤਿਆਰ ਕੀਤਾ ਗਿਆ ਹੈ। ਪਰਿਸਰ ਦੇ ਅੰਦਰ ਇੱਕ ਰੁਕਮਣੀ ਮੰਦਿਰ ਵੀ ਹੈ ਜਿਸ ਨੂੰ ਉਹ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਉਹ ਕਦੇ ਖੜੀ ਸੀ।


ਸ਼ਾਨਦਾਰ ਹਰਿਆਲੀ ਦੇ ਵਿਚਕਾਰ ਤਿਰੁਮਾਲਾ ਦੇ ਸੁੰਦਰ ਪਹਾੜੀ ਸ਼ਹਿਰ 'ਤੇ ਸਥਿਤ ਇਹ ਬਿਲਕੁਲ ਸਫੈਦ ਮੰਦਰ ਹੈ ਜੋ ਤਿਰੁਮਲਾ / ਤਿਰੂਪਤੀ ਮੰਦਰ ਦੇ ਨਾਮ ਨਾਲ ਵੀ ਜਾਂਦਾ ਹੈ। ਇਹ ਮੰਦਰ ਸ਼੍ਰੀ ਵੈਂਕਟੇਸ਼ਵਰ ਨੂੰ ਸਮਰਪਿਤ ਹੈ ਜੋ ਕਿ ਭਗਵਾਨ ਵਿਸ਼ਨੂੰ ਦਾ ਅਵਤਾਰ ਹੈ ਅਤੇ ਕਿਹਾ ਜਾਂਦਾ ਹੈ ਕਿ ਕਲਯੁਗ ਦੌਰਾਨ ਮਨੁੱਖਜਾਤੀ ਨੂੰ ਵੱਖ-ਵੱਖ ਮੁਸੀਬਤਾਂ ਤੋਂ ਬਚਾਉਣ ਲਈ ਇੱਥੇ ਪ੍ਰਗਟ ਹੋਇਆ ਸੀ। ਦਾਨ ਦੇ ਲਿਹਾਜ਼ ਨਾਲ ਇਸ ਨੂੰ ਭਾਰਤ ਦਾ ਸਭ ਤੋਂ ਅਮੀਰ ਮੰਦਰ ਮੰਨਿਆ ਜਾਂਦਾ ਹੈ ਅਤੇ ਹਿੰਦੂ ਸ਼ਰਧਾਲੂਆਂ ਵਿੱਚ ਬਰਾਬਰ ਪ੍ਰਸਿੱਧ ਹੈ ਜੋ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਭਗਵਾਨ ਨੂੰ ਪ੍ਰਾਰਥਨਾ ਕਰਨ ਲਈ ਆਪਣਾ ਰਸਤਾ ਬਣਾਉਂਦੇ ਹਨ। ਸ਼ਾਨਦਾਰ ਉੱਚੀਆਂ ਚੋਟੀਆਂ ਸ਼ਾਨਦਾਰ ਢੰਗ ਨਾਲ ਉੱਕਰੀਆਂ ਹੋਈਆਂ ਹਨ ਅਤੇ ਕੁਦਰਤੀ ਸੁੰਦਰਤਾ ਵਿੱਚ ਚਮਕਦੀਆਂ ਹਨ ਅਤੇ ਦੂਰੋਂ ਵੇਖੀਆਂ ਜਾ ਸਕਦੀਆਂ ਹਨ।



ਬ੍ਰਹਮਪੁੱਤਰ ਦੀ ਸ਼ਕਤੀਸ਼ਾਲੀ ਨਦੀ ਦੇ ਕੰਢੇ 'ਤੇ ਸਥਿਤ, ਇਹ ਮੰਦਰ ਗੁਹਾਟੀ ਵਿੱਚ ਸਥਿਤ ਹੈ ਅਤੇ ਇੱਥੋਂ ਦੇ ਸਭ ਤੋਂ ਮਸ਼ਹੂਰ ਸੈਰ-ਸਪਾਟਾ ਸਥਾਨਾਂ ਵਿੱਚੋਂ ਇੱਕ ਹੈ। ਇਸ ਦੀ ਉਸਾਰੀ 1720 ਈਸਵੀ ਦੀ ਦੱਸੀ ਜਾ ਸਕਦੀ ਹੈ ਅਤੇ ਇਸ ਦੀ ਸਥਾਪਨਾ ਦਾ ਸਿਹਰਾ ਅਹੋਮ ਦੇ ਰਾਜਾ ਸ਼ਿਵ ਸਿੰਘ ਨੂੰ ਜਾਂਦਾ ਹੈ। ਸ਼ਬਦ ਦਾ ਸ਼ਾਬਦਿਕ ਅਰਥ 'ਥੱਕਿਆ ਹੋਇਆ ਘੋੜਾ' ਹੈ ਜੋ ਕਿ ਕ੍ਰਿਸ਼ਨਾ ਜੀ ਦੇ ਥੱਕੇ ਹੋਏ ਘੋੜੇ ਨੂੰ ਦਰਸਾਉਂਦਾ ਹੈ ਜੋ ਥੱਕ ਗਿਆ ਸੀ ਅਤੇ ਇੱਥੇ ਕੁਝ ਆਰਾਮ ਕਰਨ ਲਈ ਰੁਕਿਆ ਸੀ। ਇਹ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ ਅਤੇ ਦਿਲਚਸਪ ਮਿਥਿਹਾਸਿਕ ਕਹਾਣੀਆਂ ਅਤੇ ਇਤਿਹਾਸਕ ਘਟਨਾਵਾਂ ਨਾਲ ਭਰਿਆ ਹੋਇਆ ਹੈ, ਹਾਲਾਂਕਿ ਇਹ ਅਜੇ ਵੀ ਥੋੜਾ ਘੱਟ ਹੈ। ਇਸ ਖੇਤਰ ਵਿੱਚ ਆਏ ਇੱਕ ਵੱਡੇ ਭੂਚਾਲ ਕਾਰਨ ਮੰਦਰ ਦਾ ਇੱਕ ਵੱਡਾ ਹਿੱਸਾ ਤਬਾਹ ਹੋ ਗਿਆ ਸੀ ਅਤੇ ਬਾਅਦ ਵਿੱਚ ਵਾਇਸਰਾਏ ਲਾਰਡ ਕਰਜ਼ਨ ਦੁਆਰਾ ਇਸ ਦਾ ਪੁਨਰ ਨਿਰਮਾਣ ਕੀਤਾ ਗਿਆ ਸੀ। ਇਸ ਦੇ ਸਥਾਨ ਦੇ ਕਾਰਨ ਮੰਦਰ ਦੀ ਸ਼ਾਂਤੀ ਅਤੇ ਸਹਿਜਤਾ ਅਛੂਤ ਰਹਿੰਦੀ ਹੈ ਅਤੇ ਇੱਕ ਡੂੰਘਾ ਅਧਿਆਤਮਿਕ ਅਨੁਭਵ ਹੋ ਸਕਦਾ ਹੈ।



ਇਹ ਸ਼ਾਨਦਾਰ ਮੰਦਿਰ ਵਿਸ਼ਨੂੰ ਜੀ ਦੇ 7ਵੇਂ ਅਵਤਾਰ ਰਾਮ ਨੂੰ ਸਮਰਪਿਤ ਹੈ ਅਤੇ ਇਹ ਸ਼ਾਇਦ ਸਭ ਤੋਂ ਪ੍ਰਮੁੱਖ ਮੰਦਰਾਂ ਵਿੱਚੋਂ ਇੱਕ ਹੈ ਜੋ ਉਸਨੂੰ ਸਮਰਪਿਤ ਹੈ। ਇੱਥੇ ਪੂਜਣ ਵਾਲੇ ਸਵੈ-ਪ੍ਰਗਟ ਮੂਲਵਰ ਦੀ ਖੋਜ 17ਵੀਂ ਸਦੀ ਦੌਰਾਨ ਇੱਥੇ ਰਹਿਣ ਵਾਲੀ ਇੱਕ ਸਥਾਨਕ ਕਬੀਲੇ ਨੇ ਕੀਤੀ ਸੀ। ਕਿਹਾ ਜਾਂਦਾ ਹੈ ਕਿ ਵਿਸ਼ਨੂੰ ਜੀ ਮੇਰੂ ਦੇ ਪੁੱਤਰ ਭਦਰ ਦੁਆਰਾ ਦਰਸਾਏ ਪ੍ਰਾਰਥਨਾਵਾਂ ਅਤੇ ਸ਼ਰਧਾ ਦਾ ਜਵਾਬ ਦੇਣ ਲਈ ਰਾਮ ਦੇ ਰੂਪ ਵਿੱਚ ਪ੍ਰਗਟ ਹੋਏ ਸਨ। ਕਿਉਂਕਿ ਉਹ ਰਾਮ ਦੇ ਰੂਪ ਵਿੱਚ ਵੈਕੁੰਠ ਦੇ ਰੂਪ ਵਿੱਚ ਪ੍ਰਗਟ ਹੋਇਆ ਸੀ, ਪ੍ਰਧਾਨ ਦੇਵਤਾ ਵੀ ਇਸ ਰੂਪ ਵਿੱਚ ਪੂਜਿਆ ਜਾਂਦਾ ਹੈ ਜੋ ਕਿ ਸੰਸਾਰ ਵਿੱਚ ਕਿਤੇ ਵੀ ਨਹੀਂ ਮਿਲਦਾ ਜੋ ਕਿ ਵਿਸ਼ਾਲ ਭੀੜ ਨੂੰ ਦਰਸਾਉਂਦਾ ਹੈ ਕਿ ਮੰਦਰ ਰੋਜ਼ਾਨਾ ਅਧਾਰ 'ਤੇ ਗਵਾਹੀ ਦਿੰਦਾ ਹੈ। ਧਾਰਮਿਕ ਹਿੰਦੂ ਗ੍ਰੰਥਾਂ ਅਨੁਸਾਰ ਇਸ ਭਗਵਾਨ ਦੀ ਪੂਜਾ ਸ਼ਰਧਾਲੂ ਨੂੰ ਗਿਆਨ ਪ੍ਰਦਾਨ ਕਰੇਗੀ।





ਇਹ ਸ਼ਾਨਦਾਰ ਮੰਦਿਰ ਵਿਸ਼ਨੂੰ ਜੀ ਦੇ 7ਵੇਂ ਅਵਤਾਰ ਰਾਮ ਨੂੰ ਸਮਰਪਿਤ ਹੈ ਅਤੇ ਇਹ ਸ਼ਾਇਦ ਸਭ ਤੋਂ ਪ੍ਰਮੁੱਖ ਮੰਦਰਾਂ ਵਿੱਚੋਂ ਇੱਕ ਹੈ ਜੋ ਉਸਨੂੰ ਸਮਰਪਿਤ ਹੈ। ਇੱਥੇ ਪੂਜਣ ਵਾਲੇ ਸਵੈ-ਪ੍ਰਗਟ ਮੂਲਵਰ ਦੀ ਖੋਜ 17ਵੀਂ ਸਦੀ ਦੌਰਾਨ ਇੱਥੇ ਰਹਿਣ ਵਾਲੀ ਇੱਕ ਸਥਾਨਕ ਕਬੀਲੇ ਨੇ ਕੀਤੀ ਸੀ। ਕਿਹਾ ਜਾਂਦਾ ਹੈ ਕਿ ਵਿਸ਼ਨੂੰ ਜੀ ਮੇਰੂ ਦੇ ਪੁੱਤਰ ਭਦਰ ਦੁਆਰਾ ਦਰਸਾਏ ਪ੍ਰਾਰਥਨਾਵਾਂ ਅਤੇ ਸ਼ਰਧਾ ਦਾ ਜਵਾਬ ਦੇਣ ਲਈ ਰਾਮ ਦੇ ਰੂਪ ਵਿੱਚ ਪ੍ਰਗਟ ਹੋਏ ਸਨ। ਕਿਉਂਕਿ ਉਹ ਰਾਮ ਦੇ ਰੂਪ ਵਿੱਚ ਵੈਕੁੰਠ ਦੇ ਰੂਪ ਵਿੱਚ ਪ੍ਰਗਟ ਹੋਇਆ ਸੀ, ਪ੍ਰਧਾਨ ਦੇਵਤਾ ਵੀ ਇਸ ਰੂਪ ਵਿੱਚ ਪੂਜਿਆ ਜਾਂਦਾ ਹੈ ਜੋ ਕਿ ਸੰਸਾਰ ਵਿੱਚ ਕਿਤੇ ਵੀ ਨਹੀਂ ਮਿਲਦਾ ਜੋ ਕਿ ਵਿਸ਼ਾਲ ਭੀੜ ਨੂੰ ਦਰਸਾਉਂਦਾ ਹੈ ਕਿ ਮੰਦਰ ਰੋਜ਼ਾਨਾ ਅਧਾਰ 'ਤੇ ਗਵਾਹੀ ਦਿੰਦਾ ਹੈ। ਧਾਰਮਿਕ ਹਿੰਦੂ ਗ੍ਰੰਥਾਂ ਅਨੁਸਾਰ ਇਸ ਭਗਵਾਨ ਦੀ ਪੂਜਾ ਸ਼ਰਧਾਲੂ ਨੂੰ ਗਿਆਨ ਪ੍ਰਦਾਨ ਕਰੇਗੀ।

ਨਾਥਦੁਆਰੇ ਵਿੱਚ ਸਥਿਤ ਇਹ ਮੰਦਿਰ ਸਥਾਨ ਖਾਸ ਤੌਰ 'ਤੇ ਵੈਸ਼ਨਵ ਸਮੁਦਾਇਆਂ ਲਈ ਸਭ ਤੋਂ ਮਹੱਤਵਪੂਰਨ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਮੰਨਿਆ ਜਾਂਦਾ ਹੈ ਕਿ ਸ਼੍ਰੀਨਾਥ ਜੀ ਦਾ ਬ੍ਰਹਮ ਰੂਪ ਇੱਥੇ ਸਵੈ-ਪ੍ਰਗਟ ਹੋਇਆ ਸੀ ਅਤੇ ਕ੍ਰਿਸ਼ਨਾਜੀ ਦੇ ਪ੍ਰਧਾਨ ਦੇਵਤੇ ਦੀ ਮੂਰਤੀ 17ਵੀਂ ਸਦੀ ਦੌਰਾਨ ਇੱਥੇ ਲਿਆਂਦੀ ਗਈ ਸੀ। ਇਹ ਮੰਦਰ ਮੀਰਾ ਬਾਈ ਦੇ ਸਮੇਂ ਦੇ ਇਤਿਹਾਸਕ ਬਿਰਤਾਂਤ ਦੇ ਨਾਲ ਵਿਸ਼ਨੂੰ ਜੀ ਲਈ ਕੁਝ ਸਭ ਤੋਂ ਰਹੱਸਮਈ ਅਤੇ ਅਧਿਆਤਮਿਕ ਕੇਂਦਰਾਂ ਨਾਲ ਵੀ ਭਰਿਆ ਹੋਇਆ ਹੈ। ਇਸ ਤੋਂ ਇਲਾਵਾ ਇਹ ਮੰਦਰ ਆਪਣੇ ਵਿਸ਼ਾਲ ਰਸੋਈ ਪ੍ਰਬੰਧਾਂ ਲਈ ਵੀ ਮਸ਼ਹੂਰ ਹੈ ਜੋ ਕਿ ਵੱਖ-ਵੱਖ ਵਿਸ਼ੇਸ਼ ਅਤੇ ਸ਼ੁਭ ਮੌਕਿਆਂ 'ਤੇ ਹੁੰਦੇ ਹਨ ਜਿੱਥੇ ਮੰਦਰ ਦੁਨੀਆ ਭਰ ਤੋਂ ਬਹੁਤ ਸਾਰੇ ਸ਼ਰਧਾਲੂਆਂ ਨਾਲ ਜੁੜਦਾ ਹੈ।







ਕੰਨਿਆਕੁਮਾਰੀ ਵਿੱਚ ਸਥਿਤ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਹ 7ਵੀਂ ਜਾਂ 8ਵੀਂ ਸਦੀ ਦੇ ਸ਼ੁਰੂ ਤੋਂ ਮੌਜੂਦ ਹੈ, ਇਹ ਮੰਦਰ ਭਾਰਤ ਦੇ ਸਭ ਤੋਂ ਪ੍ਰਮੁੱਖ ਵਿਸ਼ਨੂੰ ਮੰਦਰਾਂ ਵਿੱਚੋਂ ਇੱਕ ਹੈ। ਇਸ ਪਵਿੱਤਰ ਅਸਥਾਨ ਨੂੰ ਤਿਰੂਵਨੰਤਪੁਰਮ ਦੇ ਪਦਮਨਾਭਸਵਾਮੀ ਮੰਦਰ ਤੋਂ ਵੀ ਪੁਰਾਣਾ ਕਿਹਾ ਜਾਂਦਾ ਹੈ। ਮੰਦਰ ਦੇ ਦਰਵਾਜ਼ੇ ਅਤੇ ਛੱਤਾਂ ਲੱਕੜ ਦੀਆਂ ਬਣੀਆਂ ਹੋਈਆਂ ਹਨ ਅਤੇ ਪ੍ਰਧਾਨ ਦੇਵਤੇ ਦੀ ਮੂਰਤੀ ਭਗਵਾਨ ਵਿਸ਼ਨੂੰ ਦੀ ਮੂਰਤੀ ਹੈ ਜੋ ਉਸਦੇ ਸੱਪਾਂ ਦੇ ਸਿਖਰ 'ਤੇ ਝੁਕੀ ਹੋਈ ਸਥਿਤੀ ਵਿਚ ਹੈ। ਮੰਦਰ ਦੇ ਅੰਦਰ ਸ਼ਿਵਜੀ ਦੀ ਮੂਰਤੀ ਵੀ ਮੌਜੂਦ ਹੈ ਅਤੇ ਇਸ ਲਈ ਇਸ ਮੰਦਰ ਦੀ ਮਹੱਤਤਾ ਹੋਰ ਵੀ ਵਧ ਗਈ ਹੈ। ਇਹ ਮੰਦਿਰ ਆਪਣੇ ਆਪ ਵਿੱਚ ਦੇਖਣ ਲਈ ਬਹੁਤ ਨਿਮਰ ਅਤੇ ਅਜੀਬ ਹੈ ਪਰ ਇਸ ਵਿੱਚ ਕੁਝ ਸਭ ਤੋਂ ਦਿਲਚਸਪ ਇਤਿਹਾਸਕ ਅਤੇ ਨਾਲ ਹੀ ਮਿਥਿਹਾਸਕ ਬਿਰਤਾਂਤ ਹਨ ਜੋ ਇਸਨੂੰ ਅਧਿਆਤਮਿਕ ਸੈਰ-ਸਪਾਟੇ ਲਈ ਇੱਕ ਹੱਬ ਸਥਾਨ ਬਣਾਉਂਦੇ ਹਨ।